Hansti Duniya (Punjabi)
Vol. 47 ✶No. 06 ✶June 2023

₹15/-



# ਹੱਸਦੀ ਦੁਨੀਆ

★ VOL - 47

★ ਅੰਕ - 06 ★ ਜੂਨ 2023 ★ Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher Raj Kumari, on behalf of Sant Nirankari Mandal, Delhi-110009, Printed at HT Media Limited, Plot No. 8, Udyog Vihar, Greater Noida- 201306 (U.P.) & published at Sant Nirankari Satsang Bhawan, Sant Nirankari Colony, Delhi-110009

Editor (Honorary)

Sulekh Singh 'Sathi'



E-mail : hduniya.punjabi@nirankari.org
editorial@nirankari.org

Ph. : 011-47660200

Fax : 011-27608215

Website : www.nirankari.org
kids.nirankari.org



Subscription Details

| ਦੇਸ਼ | 1 ਸਾਲ | 3 ਸਾਲ | 5 ਸਾਲ | 11 ਸਾਲ |
|---|---|---|---|---|
| ਭਾਰਤ/ਨੇਪਾਲ | ₹ 150 | ₹ 400 | ₹ 700 | ₹ 1500 |
| ਯੂ.ਕੇ. | £ 15 | £ 40 | £ 70 | £ 150 |
| ਯੂਰਪ | € 20 | € 55 | € 95 | € 200 |
| ਅਮਰੀਕਾ | $ 25 | $ 70 | $ 120 | $ 250 |
| ਕਨਾਡਾ/ਆਸਟ੍ਰੇਲੀਆ | $ 30 | $ 85 | $ 140 | $ 300 |

ਹੋਰ ਦੇਸ਼ : ਉਪ੍ਰੋਕਤ ਅਨੁਸਾਰ ਅਮਰੀਕੀ ਡਾਲਰ ਦੇ ਬਰਾਬਰ ਰਾਸ਼ੀ



04





21





18




22




46




## ਸਤੰਭ


ਸਭ ਤੋਂ ਪਹਿਲਾਂ 04

ਵਿਗਿਆਨ ਪ੍ਰਸ਼ਨੋਤਰੀ 12

ਹਾਸਾ-ਖੇਡਾ 18

ਸਾਧਾਰਣ ਗਿਆਨ ਪ੍ਰਸ਼ਨੋਤਰੀ 21

ਕੀ ਤੁਸੀਂ ਜਾਣਦੇ ਹੋ? 29

ਰੰਗ ਭਰੋ ਪ੍ਰਤੀਯੋਗਿਤਾ 39

ਕਦੇ ਨਾ ਭੁੱਲੋ 44

ਬੁੱਧੀ ਦੀ ਪਰਖ 50


## ਚਿੱਤਰਕਥਾਵਾਂ


ਕਿੱਟੀ 22

ਚਿਤੱਰਕਥਾ 46




# ਕਹਾਣੀਆਂ


06. ਵਿਦਿਆ ਦੇਵੀ ਖੁਸ਼ ...
– ਡਾ. ਦਰਸ਼ਨ ਸਿੰਘ 'ਆਸ਼ਟ'

13. ਕਿੱਟੂ ਦਾ ਡਰ
– ਡਾ. ਕੁਸੁਮ ਰਾਣੀ

26. ਅਨੋਖਾ ਨਿਆਂ
– ਅਨੀਤਾ ਕਪੂਰ

30. ਚੀਚੀ ਦੀ ਉਦਾਰਤਾ ...
– ਪ੍ਰਿਤਪਾਲ ਸਾਦਿਕ

35. ਐਦਾਂ ਬਚਿਆ ਨੰਨਾ ਡਾਇਨਾਸੋਰ
– ਅਮਨਪ੍ਰੀਤ ਸਿੰਘ

41. ਸੁਨਹਿਰੀ ਹੰਸ
– ਰਾਜਕੁਮਾਰ 'ਰਾਜਨ'


# ਗੀਤ-ਕਵਿਤਾਵਾਂ


05. ਜੀਵਨ ਕੀ ਹੈ?
– ਨੇਹਾ ਨਾਗਪਾਲ

17. ਗਲੋਬਲ ਵਾਰਮਿੰਗ
– ਡਾ. ਵਿਨੋਦ ਗੁਪਤਾ

34. ਨੰਨੇ-ਮੁੰਨੋ!
– ਮਦਨ 'ਸ਼ੇਖਪੁਰੀ'

38. ਅੱਗੇ ਹੀ ਵੱਧਦੇ ਜਾਵਾਂਗੇ
– ਨਵੀਨ ਅਰੋੜਾ

45. ਅਸੀਂ ਕਲੀਆਂ ਭਾਰਤ ...
– ਰਾਮ ਚਰਣ 'ਆਜ਼ਾਦ'





# ਵਿਸ਼ੇਸ਼ ਲੇਖ


11. ਗਾਇਕ ਪੰਛੀ
– ਕਿਰਣ ਬਾਲਾ

20. ਬਘਿਆੜ
– ਨੀਲਮ ਭਾਟੀਆ

32. ਧਰਤੀ ਨੂੰ ਸੁੰਦਰ ...
– ਹਰਜੀਤ ਨਿਰੰਕਾਰੀ

43. ਅੰਬ
– ਵਿਭਾ ਵਰਮਾ







# ਖ਼ੁਸ਼ੀ ਦਾ ਕਾਰਣ



ਪਿਆਰੇ ਬੱਚਿਓ ! ਹਰ ਇਨਸਾਨ ਜੀਵਨ ਵਿੱਚ ਖ਼ੁਸ਼ੀ ਚਾਹੁੰਦਾ ਹੈ ਅਤੇ ਇਸ ਖ਼ੁਸ਼ੀ ਦੀ ਪ੍ਰਾਪਤੀ ਲਈ ਆਪਣੇ ਆਪ ਨੂੰ ਹਰ ਤਰ੍ਹਾਂ ਸਮਰਪਿਤ ਕਰ ਦਿੰਦਾ ਹੈ। ਮਾਤਾ-ਪਿਤਾ ਦੀ ਖ਼ੁਸ਼ੀ ਹਮੇਸ਼ਾ ਅਪਣੇ ਬੱਚਿਆਂ ਨੂੰ ਖ਼ੁਸ਼ ਦੇਖਣ ਦੀ ਹੁੰਦੀ ਹੈ, ਉਨ੍ਹਾਂ ਨੂੰ ਹਰ ਤਰ੍ਹਾਂ ਨਾਲ, ਹਰ ਸਹੂਲਤ ਮੁਹੱਈਆ ਕਰਾਉਣ ਲਈ ਉਹ ਹਰ ਸਮੇਂ ਤਿਆਰ ਰਹਿੰਦੇ ਹਨ। ਕੋਈ ਵੀ ਸੁਹਣੀ ਚੀਜ਼ ਨਜ਼ਰ ਆਉਂਦੀ ਹੈ ਤਾਂ ਉਨ੍ਹਾਂ ਦੀ ਇੱਛਾ ਰਹਿੰਦੀ ਹੈ ਕਿ ਅਪਣੇ ਬੱਚਿਆਂ ਨੂੰ ਲੈ ਕੇ ਦਿੱਤੀ ਜਾਵੇ। ਕੋਈ ਵੀ ਸੁੰਦਰ ਕਪੜਾ ਕਿਧਰੇ ਦਿਸਦਾ ਹੈ ਤਾਂ ਉਹ ਅਪਣੇ ਬੱਚਿਆਂ ਲਈ ਲੈਣ ਨੂੰ ਤਿਆਰ ਹੋ ਜਾਂਦੇ ਹਨ। ਕਿਸੇ ਵੀ ਸੁੰਦਰ ਸੈਰਗਾਹ ਜਾਂ ਘੁੰਮਣਯੋਗ ਜਗ੍ਹਾ ਦਾ ਪਤਾ ਲਗਦਾ ਹੈ ਤਾਂ ਮਾਤਾ-ਪਿਤਾ ਚਾਹੁੰਦੇ ਹਨ ਕਿ ਅਸੀਂ ਅਪਣੇ ਬੱਚਿਆਂ ਨੂੰ ਉਥੇ ਘੁੰਮਾ ਕੇ ਲਿਆਈਏ। ਭਾਵ ਹਰ ਸਮੇਂ, ਹਰ ਪੱਖੋਂ ਅਤੇ ਹਰ-ਹੀਲੇ ਮਾਤਾ-ਪਿਤਾ ਅਪਣੇ ਬੱਚਿਆਂ ਦੀ ਖ਼ੁਸ਼ੀ ਨੂੰ ਪਹਿਲ ਦਿੰਦੇ ਹਨ ਭਾਵੇਂ ਉਸ ਲਈ ਉਨ੍ਹਾਂ ਨੂੰ ਆਪ ਕੁਝ ਮੁਸ਼ਕਿਲਾਂ ਜਾਂ ਤੰਗੀਆਂ ਚੋਂ ਲੰਘਣਾ ਪਵੇ।

ਅਸੀਂ ਸੋਚਣਾ ਹੈ ਕਿ ਉਹ ਮਾਤਾ-ਪਿਤਾ ਜੋ ਸਾਡੇ ਲਈ ਹਰ ਤਰ੍ਹਾਂ ਦੀ ਖ਼ੁਸ਼ੀ ਮੁਹੱਈਆ ਕਰਵਾਉਣ ਲਈ ਅਪਣਾ ਪੂਰਾ ਜਤਨ ਕਰਦੇ ਹਨ, ਕਈ ਉਪਰਾਲੇ ਕਰਦੇ ਹਨ; ਕੀ ਸਾਡਾ ਇਹ ਕਰੱਤਵ ਨਹੀਂ ਕਿ ਅਸੀਂ ਵੀ ਉਨ੍ਹਾਂ ਨੂੰ ਖ਼ੁਸ਼ੀ ਦੇਣ ਲਈ ਕੁਝ ਕਰਮ ਕਰੀਏ। ਇਹ ਠੀਕ ਹੈ ਕਿ ਸਾਡੇ ਕੋਲ ਐਨੇ ਪੈਸੇ ਨਹੀਂ ਹੁੰਦੇ ਅਤੇ ਨਾ ਹੀ ਐਨੇ ਸਾਧਨ ਹੁੰਦੇ ਹਨ ਜੋ ਅਸੀਂ ਮਾਤਾ-ਪਿਤਾ ਨੂੰ ਉਸ ਤਰ੍ਹਾਂ ਖ਼ੁਸ਼ੀ ਦੇ ਸਕੀਏ, ਜਿਵੇਂ ਉਹ ਸਾਨੂੰ ਦੇਣ ਦਾ ਜਤਨ ਕਰਦੇ ਹਨ, ਪਰ ਫਿਰ ਵੀ ਸਾਡੇ ਕੋਲ ਜੋ ਹੈ, ਜੋ ਅਸੀਂ ਕਰ ਸਕਦੇ ਹਾਂ, ਉਹ ਕਰਕੇ ਤਾਂ ਅਸੀਂ ਮਾਤਾ-ਪਿਤਾ ਨੂੰ ਖ਼ੁਸ਼ੀ ਦੇ ਸਕਦੇ ਹਾਂ।

ਜੇਕਰ ਅਸੀਂ ਹਰ ਰੋਜ਼ ਸਵੇਰੇ ਉਠ ਕੇ ਮਾਤਾ-ਪਿਤਾ ਦੇ ਚਰਨਾਂ ਨੂੰ ਛੂਹ ਕੇ, ਨਿਮਸਕਾਰ ਕਰਕੇ ਉਨ੍ਹਾਂ ਦਾ ਅਸ਼ੀਰਵਾਦ ਲੈਂਦੇ ਹਾਂ ਤਾਂ ਇਹ ਵੀ ਮਾਤਾ-ਪਿਤਾ ਨੂੰ ਖ਼ੁਸ਼ੀ ਦੇਣ ਦਾ ਇੱਕ ਜਤਨ ਹੋ ਸਕਦਾ ਹੈ, ਹਾਲਾਂਕਿ ਇਹ ਹਰ ਬੱਚੇ ਦਾ ਫਰਜ਼ ਵੀ ਹੈ। ਇਸੀ ਤਰ੍ਹਾਂ ਮਾਤਾ-ਪਿਤਾ ਦੇ ਹੁਕਮ ਨੂੰ ਮੰਨਣਾ, ਉਨ੍ਹਾਂ ਦੇ ਕਹੇ ਮੁਤਾਬਕ ਕੰਮ ਕਰਨਾ ਅਤੇ ਕਿਸੇ ਗੱਲ ਤੋਂ ਇਨਕਾਰ ਨਾ ਕਰਨਾ ਵੀ ਮਾਤਾ-ਪਿਤਾ ਦੀ ਖ਼ੁਸ਼ੀ ਦਾ ਕਾਰਣ ਬਣ ਜਾਂਦਾ ਹੈ। ਘਰ ਵਿੱਚ ਭੈਣਾਂ-ਭਰਾਵਾਂ ਦਾ ਆਪਸ ਵਿੱਚ ਪਿਆਰ ਨਾਲ ਰਹਿਣਾ; ਕਿਸੇ ਵੀ ਤਰ੍ਹਾਂ, ਕਿਸੇ ਵੀ ਕਾਰਣ ਤਕਰਾਰ ਜਾਂ ਲੜਾਈ-ਝਗੜਾ ਨਾ ਕਰਨਾ ਵੀ ਮਾਤਾ-ਪਿਤਾ ਦੀ ਖ਼ੁਸ਼ੀ ਦਾ ਕਾਰਣ ਬਣ ਜਾਂਦਾ ਹੈ।

ਸਭ ਤੋਂ ਵੱਡੀ ਅਤੇ ਅਹਿਮ ਗੱਲ ਕਿ ਅਪਣੀ ਪੜ੍ਹਾਈ ਤੇ ਪੂਰਾ ਧਿਆਨ ਦੇਣਾ, ਸਮੇਂ ਦੀ ਕਦਰ ਕਰਨਾ, ਅਨੁਸ਼ਾਸਨ ਅਤੇ ਮਰਯਾਦਾ ਦੀ ਪਾਲਨਾ ਕਰਨਾ ਹਰ ਬੱਚੇ ਦਾ ਵੱਡਾ ਫਰਜ਼ ਹੈ। ਇਨ੍ਹਾਂ ਛੋਟੀਆਂ-ਛੋਟੀਆਂ ਗੱਲਾਂ ਨੂੰ ਅਪਣੇ ਕਿਰਦਾਰ ਵਿੱਚ ਲੈ ਆਉਣਾ; ਅਸਲ ਵਿੱਚ ਅਪਣੇ ਮਾਤਾ-ਪਿਤਾ ਦੀ ਅਤੇ ਪਰਿਵਾਰ ਦੀ ਖ਼ੁਸ਼ੀ ਦਾ ਸਾਧਨ ਬਣਦਾ ਹੈ। ਇਸਲਈ ਹਰ ਸਮੇਂ ਜੀਵਨ ਵਿੱਚ ਇਨ੍ਹਾਂ ਗੱਲਾਂ ਨੂੰ ਅਪਨਾਉਣਾ ਹੈ।

✍ ਸੁਲੇਖ 'ਸਾਥੀ'
sulekh.sathi@nirankari.org

ਕਵਿਤਾ: ਨੇਹਾ ਨਾਗਪਾਲ

# ਜੀਵਨ ਕੀ ਹੈ ?



ਜੀਵਨ ਇੱਕ ਫਰਜ਼ ਹੈ –
ਇਸ ਨੂੰ ਪੂਰੀ ਨਿਸ਼ਠਾ ਨਾਲ ਪੂਰਾ ਕਰੋ।
ਜੀਵਨ ਇੱਕ ਚੁਨੌਤੀ ਹੈ –
ਉਸ ਦਾ ਸਾਹਮਣਾ ਕਰੋ।

ਜੀਵਨ ਇੱਕ ਸਫਰ ਹੈ –
ਉਸ ਨੂੰ ਪੂਰਾ ਕਰੋ।
ਜੀਵਨ ਇੱਕ ਵਰਦਾਨ ਹੈ –
ਉਸ ਨੂੰ ਸਵੀਕਾਰ ਕਰੋ।

ਜੀਵਨ ਇੱਕ ਖੇਡ ਹੈ –
ਉਸ ਨੂੰ ਖੇਡੋ।
ਜੀਵਨ ਇੱਕ ਸੰਗੀਤ ਹੈ –
ਉਸ ਨੂੰ ਗਾਉ।

ਜੀਵਨ ਇੱਕ ਪ੍ਰਣ ਹੈ –
ਉਸ ਦਾ ਪਾਲਣ ਕਰੋ।
ਜੀਵਨ ਇੱਕ ਰਾਜ ਹੈ –
ਉਸ ਨੂੰ ਲੱਭੋ।

ਜੀਵਨ ਇੱਕ ਮੌਕਾ ਹੈ –
ਉਸ ਦਾ ਸਦਉਪਯੋਗ ਕਰੋ।
ਜੀਵਨ ਇੱਕ ਕਥਾ ਹੈ –
ਉਸ ਨੂੰ ਸੁਣੋ।

ਜੀਵਨ ਇੱਕ ਸੰਘਰਸ਼ ਹੈ –
ਉਸ ਨਾਲ ਯੁੱਧ ਕਰੋ।
ਜੀਵਨ ਇੱਕ ਆਤਮਾ ਹੈ –
ਉਸ ਦਾ ਬੋਧ ਕਰੋ।

ਜੀਵਨ ਇੱਕ ਕੌੜਾ ਸੱਚ ਹੈ –
ਉਸ ਨੂੰ ਸਵੀਕਾਰ ਕਰੋ।
ਜੀਵਨ ਇੱਕ ਫੁੱਲ ਹੈ –
ਇਸ ਦੀ ਖੁਸ਼ਬੂ ਖਿਲਾਰੋ।

ਜੀਵਨ ਇੱਕ ਸਾਗਰ ਹੈ –
ਇਸ ਨੂੰ ਪਾਰ ਕਰੋ।
ਜੀਵਨ ਇੱਕ ਦੀਵਾ ਹੈ –
ਉਸ ਨੂੰ ਜਗਾਈ ਰੱਖੋ।

ਜੀਵਨ ਇੱਕ ਵਾਅਦਾ ਹੈ –
ਉਸ ਨੂੰ ਨਿਭਾਉ।
ਜੀਵਨ ਇੱਕ ਬੁਝਾਰਤ ਹੈ –
ਉਸ ਨੂੰ ਬੁਝੋ।

ਕਹਾਣੀ: ਡਾ. ਦਰਸ਼ਨ ਸਿੰਘ 'ਆਸ਼ਟ'

# ਵਿਦਿਆ ਦੇਵੀ ਖੁਸ਼ ਕਿਵੇਂ ਹੋਵੇ?

ਸੋਹਨ ਦਾ ਪੜ੍ਹਾਈ ਵਿੱਚ ਬਿਲਕੁਲ ਮਨ ਨਹੀਂ ਲੱਗਦਾ ਸੀ। ਛੁੱਟੀਆਂ ਦੀ ਤਾਂ ਉਹ ਬੇਸਬਰੀ ਨਾਲ ਉਡੀਕ ਕਰਦਾ ਸੀ। ਕਦੇ ਮਾਸੀ ਦੇ ਘਰ ਅਤੇ ਕਦੇ ਨਾਨਕੇ। ਹੋਰ ਨਹੀਂ ਤਾਂ ਚਾਚੇ ਦੇ ਘਰ ਚਲਾ ਜਾਂਦਾ ਜਿਥੇ ਉਹ ਆਪਣੇ ਚਚੇਰੇ ਭਰਾ ਰਾਹੁਲ ਨਾਲ ਘੰਟਿਆਂ ਬੱਧੀ ਕਾਰਟੂਨ ਵੇਖਦਾ ਰਹਿੰਦਾ। ਪਿਛਲੀ ਵਾਰ ਉਸ ਦੀ ਪੰਜਵੀਂ ਜਮਾਤ ਦੀ ਪ੍ਰੀਖਿਆ ਦਾ ਨਤੀਜਾ ਆਇਆ ਸੀ ਤਾਂ ਮੁਸ਼ਕਿਲ ਨਾਲ ਪਾਸ ਹੋਣ ਦੇ ਲਾਇਕ ਨੰਬਰ ਆਏ ਸਨ ਉਸ ਦੇ। ਮੰਮੀ-ਪਾਪਾ ਉਸ ਦੀ ਟਿਊਸ਼ਨ ਰਖਵਾਉਣ ਦੀ ਗੱਲ ਕਰਦੇ ਤਾਂ ਉਹ ਆਨਾਕਾਨੀ ਕਰਨ ਲੱਗਦਾ। ਉਹ ਸੋਚਦਾ ਸੀ ਕਿ ਟਿਊਸ਼ਨ ਦੋ ਘੰਟੇ ਦੀ ਗੁਲਾਮੀ ਹੈ। ਅਧਿਆਪਕ ਵੀ ਉਸ ਦੀ ਪੜ੍ਹਾਈ ਵਿੱਚ ਰੁਚੀ ਨਾ ਵੇਖ ਕੇ ਪੁੱਛਦੇ, ''ਤੇਰਾ ਅਜਿਹਾ ਹੀ ਹਾਲ ਰਿਹਾ ਤਾਂ ਬੀ.ਏ. ਐਮ.ਏ. ਤਕ ਕਿਵੇਂ ਪਹੁੰਚੇਂਗੇ?'' ਕਈ ਵਾਰ ਸੋਹਨ ਮੋਹਣ ਦੇ ਬਾਰੇ ਵਿੱਚ ਸੋਚਦਾ ਜੋ ਪੜ੍ਹਨ ਵਿੱਚ ਕਾਫੀ ਤੇਜ਼ ਸੀ। ਉਹ ਉਸ ਦਾ ਗਵਾਂਢੀ ਵੀ ਸੀ ਅਤੇ ਦੋਸਤ ਵੀ। ਦੋਵੇਂ ਇਕ ਹੀ ਸਕੂਲ ਵਿੱਚ ਪੜ੍ਹਦੇ ਸਨ ਲੇਕਿਨ ਵੱਖ-ਵੱਖ ਸੈਕਸ਼ਨਾਂ ਵਿੱਚ।

ਉਹਨਾਂ ਦੇ ਸਕੂਲ ਵਿੱਚ ਇੱਕ ਬਗੀਚੀ ਸੀ। ਬਗੀਚੀ ਵਿੱਚ ਗੇਂਦਾ, ਗੁਲਾਬ, ਚੰਪਾ, ਹਮੇਲੀ ਅਤੇ ਜੂਹੀ ਦੇ ਫੁੱਲਾਂ ਦੀ ਮਹਿਕ ਸਕੂਲ ਦੇ ਵਾਤਾਵਰਣ ਨੂੰ ਮਹਿਕਾਉਂਦੀ ਰਹਿੰਦੀ ਸੀ। ਸਕੂਲ ਦਾ ਮਾਲੀ ਸੀ ਸਰਵਣ। ਉਹ ਬਗੀਚੀ ਦਾ ਪੂਰਾ ਧਿਆਨ ਰੱਖਦਾ ਸੀ। ਫਿਰ ਵੀ ਮਾਲੀ ਤੋਂ ਅੱਖ ਬਚਾ ਕੇ ਸੋਹਣ ਫੁੱਲ ਤੋੜ ਕੇ ਆਪਣੀ ਜੇਬ ਵਿੱਚ ਪਾ ਲੈਂਦਾ ਅਤੇ ਫਿਰ ਉਸ ਫੁੱਲ ਦੀਆਂ ਪੱਤੀਆਂ ਤੋੜ ਕੇ ਆਪਣੀ ਕਾਪੀਆਂ ਅਤੇ ਕਿਤਾਬਾਂ ਵਿੱਚ ਰੱਖ ਲੈਂਦਾ ਸੀ। ਅਜਿਹਾ ਕਰਕੇ ਉਹ ਸੋਚਦਾ ਸੀ ਕਿ ਵਿਦਿਆ ਦੀ ਦੇਵੀ ਸਰਸਵਤੀ ਉਸ ਤੇ ਖੁਸ਼ ਹੋਵੇ





ਰੀ ਅਤੇ ਉਸ ਨੂੰ ਵਿਦਿਆ ਦਾ ਦਾਨ ਪ੍ਰਾਪਤ ਹੋਵੇਗਾ। ਉਹ 'ਇੰਟੇਲੀਜੈਂਟ' ਬਣ ਜਾਏਗਾ। ਇੱਕ ਦੋ ਵਾਰ ਫੁੱਲ ਤੋੜਦੇ ਹੋਏ ਫੜੇ ਜਾਣ ਤੇ ਉਹ ਮਾਲੀ ਤੋਂ ਝਿੜਕਾਂ ਵੀ ਖਾ ਚੁੱਕਾ ਸੀ। ਪ੍ਰਿੰਸੀਪਲ ਸਾਹਿਬ ਨੂੰ ਉਸ ਦੀ ਸ਼ਿਕਾਇਤ ਵੀ ਹੋ ਚੁੱਕੀ ਸੀ ਲੇਕਿਨ ਉਹ ਆਪਣੀ ਆਦਤ ਤੋਂ ਬਾਜ ਨਹੀਂ ਆ ਰਿਹਾ ਸੀ।

ਇੱਕ ਦਿਨ ਮਾਲੀ ਸਰਵਣ ਛੁੱਟੀ ਤੇ ਸੀ। ਸਕੂਲ ਦੀ ਅੱਧੀ ਛੁੱਟੀ ਸਮੇ ਸੋਹਣ ਘੁੰਮਦਾ ਹੋਇਆ ਬਗੀਚੀ ਵੱਲ ਆਇਆ। ਗੁਲਾਬ ਦੇ ਮਹਿਕਦੇ ਇੱਕ ਵੱਡੇ ਫੁੱਲ ਤੇ ਉਸ ਦੀ ਨਜ਼ਰ ਪਈ। ਉਸ ਨੇ ਫੌਰਨ ਫੁੱਲ ਤੋੜ ਲਿਆ। ਫੁੱਲ ਨੂੰ ਆਪਣੀ ਜੇਬ ਵਿੱਚ ਪਾ ਕੇ ਉਹ ਆਪਣੇ ਕਮਰੇ ਵਿੱਚ ਆਇਆ। ਉਸ ਨੇ ਕਾਪੀਆਂ-ਕਿਤਾਬਾਂ ਵਿੱਚ ਪਈਆਂ ਪੁਰਾਣੀਆਂ ਫੁੱਲ-ਪੱਤੀਆਂ ਨੂੰ ਕੱਢ ਕੇ ਸੁੱਟ ਦਿੱਤਾ ਅਤੇ ਨਵੇਂ ਫੁੱਲ ਦੀਆਂ ਪੱਤੀਆਂ ਨੂੰ ਉਹਨਾਂ ਦੀ ਥਾਂ ਤੇ ਰੱਖਣ ਲੱਗਾ। ਐਨੇ ਨੂੰ ਉਸ ਦਾ ਦੋਸਤ ਮੋਹਣ ਵੀ ਕਲਾਸ ਦੇ ਕਮਰੇ ਵਿੱਚ ਆ ਗਿਆ। ਜਦ ਉਸ ਨੇ ਸੋਹਣ ਨੂੰ ਅਜਿਹਾ ਕਰਦੇ ਵੇਖਿਆ ਤਾਂ ਉਸ ਨੇ ਪੁੱਛਿਆ, ''ਇਹ ਕੀ ਕਰ ਰਿਹਾ ਹੈ ਸੋਹਣ?''

''ਤੈਨੂੰ ਨਹੀਂ ਪਤਾ?''

''ਨਹੀਂ ਤਾਂ।''

''ਇਹ ਲੈ! ਬੁੱਧੂ, ਤੂੰ ਇਹ ਵੀ ਨਹੀਂ ਜਾਣਦਾ ਕਿ ਕਿਤਾਬਾਂ-ਕਾਪੀਆਂ ਵਿੱਚ ਫੁੱਲ ਰੱਖਣ ਨਾਲ ਪੜ੍ਹਾਈ ਨਹੀਂ ਆਉਂਦੀ ਹੈ।''

''ਪੜ੍ਹਾਈ?'' ਇਹ ਸੁਣ ਕੇ ਸੋਹਣ ਹੱਸ ਪਿਆ। ਬੋਲਿਆ, ''ਬੁੱਧੂ ਮੈਂ ਨਹੀਂ, ਤੂੰ ਹੈ। ਕੀ ਕਦੇ ਅਜਿਹਾ ਕਰਨ ਨਾਲ ਪੜ੍ਹਾਈ ਆਉਂਦੀ ਹੈ?'' ਪੜ੍ਹਾਈ ਕੇਵਲ ਮਿਹਨਤ ਕਰਨ ਨਾਲ ਹੀ ਆਉਂਦੀ ਹੈ। ਜੀਅ ਚੁਰਾਉਣ ਨਾਲ ਨਹੀਂ। ਜੇਕਰ ਅਜਿਹਾ ਹੋਣ ਲੱਗਾ ਤਾਂ ਸਾਡੀ ਜਮਾਤ ਦੇ ਸਾਰੇ ਕਮਜ਼ੋਰ ਵਿਦਿਆਰਥੀਆਂ ਦੀਆਂ ਕਾਪੀਆਂ-ਕਿਤਾਬਾਂ ਫੁੱਲ-ਪੱਤੀਆਂ ਨਾਲ ਭਰੀਆਂ ਰਹਿਣਗੀਆਂ। ਇਹ ਤੇਰੇ ਮਨ ਦਾ ਕੇਵਲ ਵਹਿਮ ਹੈ। ਤੂੰ ਬਗੀਚੀ ਦੇ ਬਾਹਰ ਲਿਖੀ ਤਖਤੀ ਨਹੀਂ ਪੜ੍ਹੀ ਕਿ 'ਫੁੱਲ ਤੋੜਨਾ ਪਾਪ ਹੈ।'

''ਪਾਪ? ਇਹ ਪਾਪ ਨਹੀਂ, ਕਿਤਾਬਾਂ ਵਿੱਚ ਫੁੱਲ ਰੱਖਣਾ ਸ਼ੁਭ ਹੁੰਦਾ ਹੈ। ਅਜਿਹਾ ਪੁੰਨ ਦਾ ਕੰਮ ਕਰਨ ਨਾਲ ਦਿਮਾਗ ਚੱਲਣ ਲੱਗਦਾ ਹੈ। ਚਲ ਛੱਡ ਇਸ ਗੱਲ ਨੂੰ ਬਸ ਇਹ ਸਮਝ ਲਉ ਕਿ ਮੈਨੂੰ ਫੁੱਲ ਚੰਗੇ ਲੱਗਦੇ ਹਨ।'' ਸੋਹਣ ਬੋਲਿਆ।

''ਤੈਨੂੰ ਫੁੱਲ ਚੰਗੇ ਲੱਗਦੇ ਹੁੰਦੇ ਤਾਂ ਤੂੰ ਇਹਨਾਂ ਨੂੰ ਤੋੜਦਾ ਨਾ।''

''ਫਿਰ ਕੀ ਹੋਇਆ ਯਾਰ? ਫੁੱਲ ਤੋੜਨ ਲਈ ਹੀ ਤਾਂ ਹੁੰਦੇ ਹਨ। ਸਰਵਣ ਮਾਲੀ ਹਰ ਰੋਜ਼ ਫੁੱਲ



ਤੋੜ ਕੇ ਪ੍ਰਿੰਸੀਪਲ ਸਾਹਿਬ ਦੇ ਲਈ ਗੁਲਦਸਤਾ ਸਜਾਉਂਦਾ ਹੈ। ਗੁਲਦਸਤੇ ਵਿੱਚ ਪਏ ਫੁੱਲ ਕਿੰਨੇ ਸੁੰਦਰ ਲੱਗਦੇ ਹਨ। ਜਦ ਕਿਸੇ ਮੰਤਰੀ ਜੀ ਦੇ ਗਲੇ ਵਿੱਚ ਫੁੱਲਾਂ ਦਾ ਹਾਰ ਪਾ ਕੇ ਉਹਨਾਂ ਦਾ ਹਾਰਦਿਕ ਸੁਆਗਤ ...।''

''ਬਸ ਬਸ। ਹੋਰ ਕੁੱਝ ਨਾ ਬੋਲ। ਤੈਨੂੰ ਕੁਦਰਤ ਦੀ ਕੋਮਲਤਾ ਦਾ ਅਹਿਸਾਸ ਨਹੀਂ ਹੈ। ਜਦ ਕੋਈ ਵੀ ਬਗੀਚੀ ਜਾਂ ਫੁਲਵਾੜੀ ਤੋਂ ਗੁਜਰਦਾ ਹੈ ਤਾਂ ਇਹ ਫੁੱਲ ਆਪਣੀ ਖੁਸ਼ਬੂ ਨਾਲ ਉਸ ਦਾ ਸੁਆਗਤ ਕਰਦੇ ਹਨ। ਇਹਨਾਂ ਨਾਲ ਵਾਤਾਵਰਣ ਸੁਗੰਧਿਤ ਰਹਿੰਦਾ ਹੈ। ਅੱਜ ਦੇ ਪ੍ਰਦੂਸ਼ਣ ਭਰਪੂਰ ਮਾਹੌਲ ਵਿੱਚ ਤਾਂ ਇਹਨਾਂ ਦੀ ਹੋਰ ਵੀ ਜ਼ਿਆਦਾ ਮਹੱਤਾ ਹੈ।''

''ਛੱਡ ਮੋਹਣ। ਤੂੰ ਤਾਂ ਫੁੱਲਾਂ ਦੇ ਬਹਾਨੇ ਮੇਰੇ ਪਿੱਛੇ ਹੀ ਪੈ ਗਿਆ। ਕੋਈ ਹੋਰ ਗੱਲ ਸੁਣਾ। ਚਲ ਦੱਸ ਰਾਤ ਵੇਖਿਆ ਸੀ ਸੀਰੀਅਲ ਹੈਰੀ ਪੋਰਟਰ'' ਸੋਹਣ ਨੇ ਕਿਹਾ।

ਲੇਕਿਨ ਮੋਹਣ ਨੇ ਉਸ ਨੂੰ ਕੋਈ ਜਵਾਬ ਨਾ ਦਿੱਤਾ। ਇੰਞ ਲੱਗਾ ਜਿਵੇਂ ਮੋਹਣ ਉਸ ਨਾਲ ਨਾਰਾਜ਼ ਹੋ ਗਿਆ ਸੀ।

ਛੁੱਟੀ ਹੋਣ ਤੇ ਦੋਵੇਂ ਆਪਣੇ-ਆਪਣੇ ਘਰ ਆ ਗਏ।

ਰਾਤ ਨੂੰ ਸੋਹਣ ਨੂੰ ਸੁਪਨਾ ਆਇਆ। ਸੁਪਨਾ ਵੀ ਅਜੀਬ ਸੀ।

ਸੁਪਨੇ ਵਿੱਚ ਸੋਹਣ ਨੂੰ ਲੱਗਾ ਜਿਵੇਂ ਉਹ ਇੱਕ ਅਜਿਹੀ ਜਗ੍ਹਾ ਤੇ ਆ ਗਿਆ ਹੈ ਜਿਥੇ ਕੋਈ ਰੁੱਖ-ਪੌਦਾ ਨਹੀਂ ਹੈ। ਪ੍ਰਦੂਸ਼ਣ ਦੇ ਕਾਰਣ ਉਸ ਨੂੰ ਸਾਹ ਲੈਣ ਵਿੱਚ ਬਹੁਤ ਦਿੱਕਤ ਆ ਰਹੀ ਹੈ। ਉਸ ਨੂੰ ਮਹਿਸੂਸ ਹੋਣ ਲੱਗਾ ਜਿਵੇਂ ਉਸ ਦੀ ਸਾਹ ਹੀ ਬੰਦ ਹੋ ਜਾਏਗੀ ਅਤੇ ਫਿਰ ਉਹ ਕਿਵੇਂ ਜੀਵੇਂਗਾ?

ਇਸੀ ਉਧੇੜਬੁਨ ਵਿੱਚ ਸੋਹਣ ਇੱਕ ਵੱਡੇ ਪੱਥਰ ਤੇ ਬੈਠਾ ਸੋਚ ਰਿਹਾ ਸੀ ਅਚਾਨਕ ਉਸ ਨੇ ਵੇਖਿਆ ਜਿਵੇਂ ਉਸ ਦੇ ਸਾਹਮਣੇ ਇੱਕ ਆਕਾਰ ਬਣ ਰਿਹਾ ਹੋਵੇ। ਵੇਖਦੇ ਹੀ ਵੇਖਦੇ ਉਹ ਆਕਾਰ ਗੁਲਾਬ ਦੇ ਫੁੱਲ ਵਿੱਚ ਤਬਦੀਲ ਹੋ ਗਿਆ।

''ਹੈਂ? ਗੁਲਾਬ ਦਾ ਫੁੱਲ?''

''ਹਾਂ ਹਾਂ, ਮੈਂ ਉਹੀ ਗੁਲਾਬ ਦਾ ਫੁੱਲ ਹਾਂ ਜਿਸ ਦੀਆਂ ਪੱਤੀਆਂ ਤੋੜ ਕੇ ਤੂੰ ਆਪਣੀਆਂ ਕਾਪੀਆਂ ਕਿਤਾਬਾਂ ਵਿੱਚ ਰੱਖੀਆਂ ਸਨ। ਮੈਂ ਤਾਂ ਤੈਨੂੰ ਸਵਾਲ ਪੁੱਛਣ ਆਇਆ ਹਾਂ।''

ਸੋਹਣ ਇੱਕਦਮ ਹੈਰਾਨ ਰਹਿ ਗਿਆ। ਬੋਲਿਆ, ''ਮੇਰੇ ਤੋਂ ਸਵਾਲ? ਕਿਹੜਾ ਸਵਾਲ?''

ਗੁਲਾਬ ਦਾ ਫੁੱਲ ਬੋਲਿਆ, ''ਮੇਰਾ ਪਹਿਲਾ ਸਵਾਲ ਇਹ ਹੈ ਕਿ ਕੀ ਤੈਨੂੰ ਕੁਦਰਤ ਚੰਗੀ ਨਹੀਂ ਲੱਗਦੀ?''

''ਕੁਦਰਤ? ਹਾਂ ਹਾਂ ਕੁਦਰਤ ਤਾਂ ਚੰਗੀ ਲੱਗਦੀ ਹੈ।''

''ਫਿਰ ਦੱਸ ਕਿ ਕੀ ਮੈਂ ਕੁਦਰਤ ਦਾ ਹਿੱਸਾ ਨਹੀਂ ਹਾਂ?''

ਸੋਹਣ ਨੇ ਝੱਟ ਜਵਾਬ ਦਿੱਤਾ, 'ਤੂੰ ਵੀ ਕੁਦਰਤ ਦਾ ਹਿੱਸਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ।''

''ਤਾਂ ਫਿਰ ਤੂੰ ਮੈਨੂੰ ਕਿਉਂ ਤੋੜਿਆ?''

''ਤਾਂ ਕਿ ਮੈਂ ਤੇਰੀਆਂ ਪੱਤੀਆਂ ਨੂੰ ਆਪਣੀਆਂ ਕਿਤਾਬਾਂ ਕਾਪੀਆਂ ਵਿੱਚ ਰੱਖ ਸਕਾਂ।''

ਇਹ ਸੁਣ ਕੇ ਗੁਲਾਬ ਦਾ ਫੁੱਲ ਹੱਸ ਪਿਆ। ਸੋਹਣ ਨੂੰ ਉਸ ਦਾ ਹਾਸਾ ਬੜਾ ਅਜੀਬ ਜਿਹਾ ਲੱਗਾ।

ਫੁੱਲ ਬੋਲਿਆ, ''ਤੂੰ ਮੇਰੀਆਂ ਪੱਤੀਆਂ ਨੂੰ ਆਪਣੀਆਂ ਕਿਤਾਬਾਂ ਕਾਪੀਆਂ ਵਿੱਚ ਰੱਖਿਆ। ਪਰ ਕਿਉਂ? ਮੈਂ ਇਹ ਜਾਣਨਾ ਚਾਹੁੰਦਾ ਹਾਂ?''

''ਇਸ ਲਈ ਤਾਂ ਕਿ ਮੈਂ ਪੜ੍ਹਾਈ ਵਿੱਚ ਹੁਸ਼ਿਆਰ ਹੋ ਸਕਾਂ। ਮੈਂ ਸੁਣਿਆ ਹੈ ਕਿ ਫੁੱਲ ਤੋੜ ਕੇ ਉਸ ਦੀਆਂ ਪੱਤੀਆਂ ਨੂੰ ਜਾਂ ਮੋਰ-ਖੰਭਾਂ ਨੂੰ ਕਿਤਾਬਾਂ ਵਿੱਚ ਰੱਖਣ ਨਾਲ ਪੜ੍ਹਾਈ ਆਉਂਦੀ ਹੈ। ਮੋਰ-ਖੰਭ ਤਾਂ ਮੈਨੂੰ ਮਿਲੇ ਨਹੀਂ, ਇਸ ਲਈ ਫੁੱਲ ਹੀ.....।

ਗੁਲਾਬ ਦਾ ਫੁੱਲ ਪਹਿਲਾਂ ਤਾਂ ਚੁੱਪ ਰਿਹਾ। ਫਿਰ ਬੋਲਿਆ, ''ਮੇਰੀ ਇੱਕ ਗੱਲ ਯਾਦ ਰੱਖੋ। ਫੁੱਲ ਪੱਤੀਆਂ ਜਾਂ ਮੋਰ-ਖੰਭਾਂ ਨੂੰ ਆਪਣੀਆਂ ਕਿਤਾਬਾਂ ਵਿੱਚ ਰੱਖਣ ਨਾਲ ਕਦੇ ਵੀ ਪੜ੍ਹਾਈ ਨਹੀਂ ਆਉਂਦੀ। ਜੇਕਰ ਤੂੰ ਸਚਮੁਚ ਹੀ ਪੜ੍ਹਾਈ ਵਿੱਚ ਅੱਗੇ ਵੱਧਣਾ ਚਾਹੁੰਦਾ ਹੈਂ ਤਾਂ ਮੈਂ ਤੈਨੂੰ ਇੱਕ ਜਾਦੂ ਦੇ ਸਕਦਾ ਹਾਂ।''

''ਜਾਦੂ?'' ਸੋਹਣ ਇਕਦਮ ਚਹਿਕ ਕੇ ਬੋਲਿਆ, ''ਹਾਂ ਹਾਂ, ਮੈਨੂੰ ਅਜਿਹਾ ਜਾਦੂ ਚਾਹੀਦਾ ਹੈ। ਕਿਹੜਾ ਜਾਦੂ ਹੈ ਉਹ? ਕਿਥੋਂ ਮਿਲੇਗਾ? ਮੈਂ ਹਰ ਹਾਲਤ ਵਿੱਚ ਉਸ ਨੂੰ ਲੈਣਾ ਚਾਹੁੰਦਾ ਹਾਂ।''

ਫੁੱਲ ਨੇ ਕਿਹਾ, ''ਉਹ ਤੇਰੇ ਕੋਲ ਹੈ।''

''ਮੇਰੇ ਕੋਲ?'' ਸੋਹਣ ਨੇ ਇੱਕਦਮ ਆਪਣੇ ਹੱਥਾਂ ਵੱਲ ਵੇਖਿਆ। ਫਿਰ ਉਸ ਦਾ ਹੱਥ ਆਪਣੀ ਜੇਬ ਤੇ ਗਿਆ, ''ਨਹੀਂ। ਮੇਰੇ ਕੋਲ ਤਾਂ ਅਜਿਹਾ ਕੋਈ ਜਾਦੂ ਨਹੀਂ ਹੈ।''


ਫੁੱਲ ਦੀਆਂ ਪੱਤੀਆਂ ਖਿੜਖਿੜਾ ਕੇ ਹੱਸ ਪਈਆਂ। ਫੁੱਲ ਫਿਰ ਬੋਲਿਆ, ''ਪਗਲੇ ਮੇਰੀ ਗੱਲ ਨੂੰ ਧਿਆਨ ਨਾਲ ਸੁਣ। ਉਹ ਜਾਦੂ ਤੇਰੀ ਜੇਬ ਵਿੱਚ ਨਹੀਂ। ਉਹ ਜਾਦੂ ਤਾਂ ਤੇਰੀਆਂ ਕਿਤਾਬਾਂ ਵਿੱਚ ਹੀ ਲੁੱਕਿਆ ਹੈ। ਹੁਣ ਇਸ ਜਾਦੂ ਦੀ ਭਾਲ ਕਰਨੀ ਕਿਵੇਂ ਹੈ, ਇਹ ਤੂੰ ਵੇਖਣਾ ਹੈ। ਹਾਂ, ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜੇ ਕਰ ਤੂੰ ਉਸ ਨੂੰ ਲੱਭ ਲਿਆ ਤਾਂ ਤੂੰ ਸਿਖਿਆ ਦੇ ਖੇਤਰ ਵਿੱਚ ਬਹੁਤ ਅੱਗੇ ਨਿਕਲ ਜਾਏਂਗਾ। ਹੁਣ ਮੈਂ ਤੈਨੂੰ ਫਿਰ ਕਿਸੇ ਦਿਨ ਮਿਲਾਂਗਾ।'' ਅਚਾਨਕ ਗੁਲਾਬ ਦੇ ਫੁੱਲ ਦੀਆਂ ਪੱਤੀਆਂ ਇੱਕ-ਇੱਕ ਕਰਕੇ ਸੁੰਘੜਦੀਆਂ ਰਹੀਆਂ ਅਤੇ ਫੁੱਲ ਗਾਇਬ ਹੋ ਗਿਆ।

ਉਸੀ ਸਮੇਂ ਅਚਾਨਕ ਸੋਹਣ ਦੇ ਕੰਨਾਂ ਵਿੱਚ ਇੱਕ ਆਵਾਜ਼ ਪਈ, ''ਉਠੋ ਬੇਟਾ, ਸਕੂਲ ਨਹੀਂ ਜਾਣਾ ਕੀ?''

ਇਕਦਮ ਅੱਖਾਂ ਮਲਦਾ ਹੋਇਆ ਸੋਹਣ ਉਠਿਆ। ਉਸ ਨੇ ਵੇਖਿਆ, ਮੰਮੀ ਉਸ ਦੇ ਸਿਰ ਤੇ ਹੱਥ ਫੇਰਦੀ ਹੋਈ ਜਗਾ ਰਹੀ ਸੀ। ਸੋਹਣ ਉਠਿਆ। ਸਭ ਤੋਂ ਪਹਿਲਾਂ ਉਹ ਸੈਰ ਲਈ ਨਿਕਲਿਆ। ਫਿਰ ਇਸ਼ਨਾਨ ਕਰਕੇ ਨਾਸ਼ਤਾ ਲੈਣ ਦੇ ਬਾਦ ਉਹ ਸਕੂਲ ਜਾਣ ਲਈ ਤਿਆਰ ਹੋ ਗਿਆ। ਉਸ ਦੇ ਦਿਮਾਗ ਵਿੱਚ ਵਾਰ-ਵਾਰ ਸੁਪਨੇ ਵਾਲੀ ਗੱਲ ਹੀ ਘੁੰਮ ਰਹੀ ਸੀ, ''ਮੇਰੀ ਗੱਲ ਧਿਆਨ ਨਾਲ ਸੁਣੋ। ਉਹ ਜਾਦੂ ਤੇਰੀ ਜੇਬ ਵਿੱਚ ਨਹੀਂ। ਉਹ ਜਾਦੂ ਤਾਂ ਤੇਰੀਆਂ ਕਿਤਾਬਾਂ ਵਿੱਚ ਹੀ ਲੁਕਿਆ ਹੈ। ਹੁਣ ਇਸ ਜਾਦੂ ਦੀ ਭਾਲ ਕਿਵੇਂ ਕਰਨੀ ਹੈ? ਇਹ ਤੂੰ ਵੇਖਣਾ ਹੈ। ਹਾਂ, ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜੇਕਰ ਤੂੰ ਉਸ ਜਾਦੂ ਨੂੰ ਪਾ ਲਿਆ ਤਾਂ ਤੂੰ ਸਿਖਿਆ ਦੇ ਖੇਤਰ ਵਿੱਚ ਬਹੁਤ ਅੱਗੇ ਨਿਕਲ ਜਾਏਂਗਾ।''

ਸੋਹਣ ਨੇ ਸਕੂਲ ਵਿੱਚ ਜਾ ਕੇ ਕਾਪੀਆਂ-ਕਿਤਾਬਾਂ ਦਾ ਇੱਕ-ਇੱਕ ਪੰਨਾ ਖੋਲ੍ਹ ਕੇ ਵੇਖਿਆ। ਲੇਕਿਨ ਉਸਨੂੰ ਜਾਦੂ ਨਹੀਂ ਮਿਲਿਆ।

''ਜਾਦੂ ਨੂੰ ਹਾਸਿਲ ਕਰਨ ਦਾ ਵੀ ਢੰਗ ਹੁੰਦਾ ਹੈ ਅਤੇ ਉਹ ਜਾਦੂ ਹੈ ਮਿਹਨਤ, ਲਗਨ ਅਤੇ ਅਨੁਸਾਸ਼ਨ।'' ਸੋਹਣ ਦੇ ਮਨ ਦੇ ਕਿਸੇ ਕੋਨੇ ਵਿਚੋਂ ਆਵਾਜ਼ ਆਈ।



ਹੌਲੀ-ਹੌਲੀ ਗੱਲ ਉਸ ਦੀ ਸਮਝ ਵਿੱਚ ਆਉਣ ਲੱਗੀ। ਉਸਨੇ ਟਾਈਮ-ਟੇਬਲ ਤਿਆਰ ਕੀਤਾ ਅਤੇ ਉਸ ਦੇ ਅਨੁਸਾਰ ਉਹ ਪੜ੍ਹਨ ਲੱਗਾ। ਹੁਣ ਉਸ ਨੇ ਆਪਣੇ ਖਾਲੀ ਸਮੇਂ ਦਾ ਦੁਰਉਪਯੋਗ ਕਰਨਾ ਛੱਡ ਦਿਤਾ ਸੀ। ਖੇਡ ਦੇ ਲਈ ਵੀ ਆਪਣਾ ਸਮਾਂ ਨਿਸ਼ਚਿਤ ਕਰ ਲਿਆ ਸੀ।

ਦਿਨ ਗੁਜਰਨ ਲੱਗੇ। ਉਸ ਦੀ ਪੜ੍ਹਾਈ ਵਿੱਚ ਦਿਲਚਸਪੀ ਵੇਖ ਕੇ ਮੰਮੀ ਪਾਪਾ ਤੋਂ ਉਸ ਨੂੰ ਸ਼ਾਬਾਸ਼ੀ ਮਿਲਣ ਲੱਗੀ।

ਇਸ ਵਾਰ ਸਲਾਨਾ ਪ੍ਰੀਖਿਆ ਹੋਈ ਤਾਂ ਸੋਹਣ ਦੀ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਸੀ।

''ਮੰਮੀ ਹੁਣ ਵੇਖਣਾ ਮੇਰਾ ਨਤੀਜਾ ਕਿਹੋ ਜਿਹਾ ਰਹੇਗਾ?''

ਸਚਮੁਚ ਜਿਸ ਦਿਨ ਪ੍ਰੀਖਿਆ ਦਾ ਨਤੀਜਾ ਨਿਕਲਿਆ, ਉਹ ਤੀਸਰੇ ਸਥਾਨ ਤੇ ਆਇਆ।

ਨਤੀਜਾ ਸੁਣਨ ਦੇ ਬਾਦ ਜਦ ਸਾਰੇ ਬੱਚੇ ਆਪਣੇ-ਆਪਣੇ ਘਰ ਆ ਰਹੇ ਸਨ ਤਾਂ ਅਚਾਨਕ ਸਕੂਲ ਦੀ ਬਗੀਚੀ ਦੇ ਕੋਲ ਗੁਲਾਬ ਦੇ ਇੱਕ ਫੁੱਲ ਨੇ ਜਿਵੇਂ ਉਸ ਦੀ ਰਾਹ ਰੋਕ ਲਈ ਹੋਵੇ। ਸੋਹਣ ਗੁਲਾਬ ਦੇ ਫੁੱਲ ਦੇ ਕੋਲ ਆਇਆ। ਉਹ ਉਸ ਨੂੰ ਨਿਹਾਰਣ ਲੱਗਾ। ਉਸ ਨੂੰ ਲੱਗਾ, ਇਹ ਉਹੀ ਸੁਪਨੇ ਵਾਲਾ ਫੁੱਲ ਹੈ।

''ਮੈਂ ਜਾਦੂ ਲੱਭ ਲਿਆ ਹੈ।'' ਸੋਹਣ ਬੋਲਿਆ।

ਅਚਾਨਕ ਪਿਛੋਂ ਆਵਾਜ਼ ਆਈ, ''ਅਤੇ ਉਸ ਜਾਦੂ ਦਾ ਨਾਮ ਹੈ ਸੱਚੀ ਮਿਹਨਤ ਅਤੇ ਅਨੁਸ਼ਾਸ਼ਨ।''

ਸੋਹਣ ਨੇ ਪਿਛੇ ਮੁੜ ਕੇ ਵੇਖਿਆ, ਮੋਹਣ ਸੀ। ਦੋਵਾਂ ਨੇ ਇੱਕ-ਦੂਸਰੇ ਨੂੰ ਜੱਫੀ ਵਿੱਚ ਲੈ ਲਿਆ।

ਗੁਲਾਬ ਦਾ ਫੁੱਲ ਮਹਿਕਦਾ ਹੋਇਆ ਝੂੰਮਣ ਲੱਗਾ। ਸੋਹਣ ਨੂੰ ਲੱਗਿਆ ਜਿਵੇਂ ਫੁੱਲ ਪੁੱਛ ਰਿਹਾ ਹੋਵੇ, ''ਹੁਣ ਤਾਂ ਮੈਨੂੰ ਤੋੜ ਕੇ ਕਿਤਾਬਾਂ ਵਿੱਚ ਨਹੀਂ ਰੱਖੇਂਗਾ?''

ਸੋਹਣ ਨੇ ਕੁੱਝ ਦੂਰ ਪਈਆਂ ਕੰਡੀਲੀ ਝਾੜੀਆਂ ਨੂੰ ਵੇਖਿਆ। ਫਿਰ ਉਹਨਾਂ ਨੂੰ ਚੁੱਕ ਕੇ ਗੁਲਾਬ ਦੇ ਪੌਦੇ ਦੇ ਆਲੇ-ਦੁਆਲੇ ਰੱਖ ਦਿੱਤਾ ਤਾਂਕਿ ਗੁਲਾਬ ਦਾ ਫੁੱਲ ਸੁਰੱਖਿਅਤ ਰਹਿ ਸਕੇ।

ਮੋਹਣ ਨੇ ਮਹਿਸੂਸ ਕੀਤਾ ਜਿਵੇਂ ਸੋਹਣ ਅਤੇ ਗੁਲਾਬ ਦਾ ਫੁੱਲ ਦੋਵੇਂ ਇੱਕ-ਦੂਸਰੇ ਦਾ ਧੰਨਵਾਦ ਕਰ ਰਹੇ ਹੋਣ। ■

ਪੰਛੀ ਜਗਤ (ਲੇਖ): ਕਿਰਨ ਬਾਲਾ

# ਗਾਇਕ ਪੰਛੀ



ਗਾਉਣ ਵਾਲੇ ਪੰਛੀ ਔਸੀਨ ਉਪਜਾਤੀ ਦੇ ਤਹਿਤ ਆਉਂਦੇ ਹਨ। ਇਹਨਾਂ ਦੀ ਸੁਰ ਤੰਤੂ ਇੱਕ ਵਿਸ਼ੇਸ਼ ਬਕਸੇ ਵਿੱਚ ਹੁੰਦੀ ਹੈ ਜਿਸ ਨੂੰ ਸਿਰਨੋਈ ਕਹਿੰਦੇ ਹਨ। ਇਹ ਸਾਹ ਨਲੀ ਦੀ ਜੜ ਵਿੱਚ ਹੁੰਦਾ ਹੈ ਅਤੇ ਇਥੇ ਇਹ ਬ੍ਰੇਨਕਾਈ ਨੂੰ ਦੋ ਹਿੱਸਿਆਂ ਵਿੱਚ ਵੰਡਦਾ ਹੈ। ਸਿਰਿਲਕਸ ਇੱਕ ਸਖਤ ਬਕਸਾ ਹੁੰਦੀ ਹੈ - ਧੁਨੀ ਯੰਤਰ ਦੀ ਤਰ੍ਹਾਂ ਦਾ, ਜਿਸ ਵਿੱਚ ਸਾਹ ਬਾਹਰ ਸੁੱਟਦੇ ਸਮੇਂ ਤੰਤੂ ਕੰਪਨ ਕਰਦੇ ਹਨ। ਇਹਨਾਂ ਕੰਪਨਾਂ ਤੋਂ ਵੱਖ ਵੱਖ ਤਰ੍ਹਾਂ ਦੀਆਂ ਆਵਾਜ਼ਾਂ ਨਿਕਲਦੀਆਂ ਹਨ। ਭਿੰਨ-ਭਿੰਨ ਪੰਛੀਆਂ ਦੇ ਗਲੇ ਵਿੱਚ ਭਿੰਨ-ਭਿੰਨ ਪ੍ਰਕਾਰ ਦਾ ਸਿਰਿੰਕਸ ਹੁੰਦਾ ਹੈ। ਕੁੱਝ ਦੀ ਆਵਾਜ਼ ਮਿੱਠੀ ਹੁੰਦੀ ਹੈ ਤਾਂ ਕੁੱਝ ਦੀ ਭੜਕੀਲੀ।

ਬੁਲਬੁਲ ਨੂੰ ਫੁਲਵਾੜੀ ਬਹੁਤ ਪਸੰਦ ਹੈ। ਇਥੇ ਆ ਕੇ ਜਦ ਇਹ ਚਹਿਕਦੀ ਹੈ ਤਾਂ ਇੰਝ ਲੱਗਦਾ ਹੈ ਕਿ ਕੋਈ ਮਿੱਠੇ ਸੁਰ ਨਾਲ ਸੀਟੀ ਵਜਾ ਰਿਹਾ ਹੈ। ਬਸ, ਤਦ ਇਹਨਾਂ ਨੂੰ ਸੁਣਦੇ ਰਹੋ।

ਬਸੰਤ ਰੁੱਤ ਦੇ ਆਉਂਦੇ ਹੀ ਕੋਇਲ ਦੀ ਕੁਹੂ-ਕੁਹੂ ਦੀ ਮਿੱਠੀ ਆਵਾਜ਼ ਸੁਣਾਈ ਦੇਣ ਲੱਗਦੀ ਹੈ। ਪੰਡੁਕ ਇੱਕ ਘਰੇਲੂ ਚਿੜੀ ਹੈ। ਕੂ-ਕੂ ਕਰਕੇ ਗਾਉਣਾ ਇਸ ਦਾ ਸੁਭਾਅ ਹੈ। ਇਹ ਗਰਮੀ ਦੀ ਰੁੱਤ ਵਿੱਚ ਗਾਉਂਦੀ ਹੈ। ਇਹ ਆਪਣਾ ਗਲਾ ਫੁਲਾ ਕੇ ਗਾਉਂਦੀ ਹੈ।

ਵਰਖਾ ਰੁੱਤ ਵਿੱਚ 'ਪੀਉ-ਪੀਉ ਦੀ ਆਵਾਜ਼ ਕਰਦੇ ਹੋਏ ਜਿਸ ਚਿੜੀ ਨੂੰ ਆਪ ਨੇ ਗਾਉਂਦੇ ਸੁਣਿਆ ਹੋਵੇਗਾ, ਉਹ ਹੈ ਪਪੀਹਾ। ਵਰਖਾ ਰੁੱਤ ਵਿੱਚ ਖੂਬ ਗਾਉਂਦਾ ਹੈ।

ਸ਼ਿਆਮਾ ਵੀ ਗਾਉਣ ਵਾਲੀ ਚਿੜੀ ਹੈ। ਇਹ ਤਰ੍ਹਾਂ-ਤਰ੍ਹਾਂ ਦੇ ਸੁਰ ਕੱਢਦੀ ਹੈ। ਸੁਰਾਂ ਵਿੱਚ ਉਤਾਰ-ਚੜਾਅ, ਲੈਅ ਤਾਨ ਹੈ। ਸੀਟੀ ਦੇ ਰੂਪ ਵਿੱਚ ਨਿਕਲੀ ਉਸ ਦੀ ਆਵਾਜ਼ ਕੰਨਾਂ ਨੂੰ ਪਿਆਰੀ ਲਗਦੀ ਹੈ। ਜਦ ਇੱਕ ਵਾਰ ਗਾਉਣਾ ਸ਼ੁਰੂ ਕਰਦੀ ਹੈ ਤਾਂ ਫਿਰ ਗਾਉਂਦੀ ਹੀ ਰਹਿੰਦੀ ਹੈ।

ਕੁੱਝ ਪੰਛੀ ਗਾਉਂਦੇ ਭਲੇ ਹੀ ਨਾ ਹੋਣ ਪਰ ਚਹਿਚਹਾਉਂਦੇ ਜ਼ਰੂਰ ਹਨ। ਚਿੜੀ ਦੀ ਚਹਿਚਹਾਟ ਤਾਂ ਆਪ ਨੇ ਸੁਣੀ ਹੋਵੇਗੀ। ਚਿੜੀਆਂ ਦੀਆਂ ਵੱਖ-ਵੱਖ ਕਿਸਮਾਂ ਦੀਆਂ ਆਵਾਜ਼ਾਂ ਵੱਖ-ਵੱਖ ਹੁੰਦੀਆਂ ਹਨ।

ਕਬੂਤਰ ਭਲੇ ਹੀ ਸਲੀਕੇ ਨਾਲ ਗਾ ਨਾ ਪਾਉਂਦਾ ਹੋਵੇ ਲੇਕਿਨ ਗੁਟਰ ਗੂੰ, ਗੁਟਰ ਗੂੰ ਕਰਦਾ ਹੋਇਆ ਨੱਚਦਾ-ਗਾਉਂਦਾ ਰਹਿੰਦਾ ਹੈ।

ਮੁਰਗਾ ਕੁਕੜੂ-ਕੂੰ ਦੀ ਆਵਾਜ਼ ਕੱਢਦਾ ਹੈ ਜੋ ਸੇਵਰ ਹੋਣ ਦਾ ਪ੍ਰਤੀਕ ਹੈ।

ਤੋਤਾ ਗਾਉਂਦਾ ਭਲੇ ਹੀ ਨਾ ਹੋਵੇ ਲੇਕਿਨ ਇਨਸਾਨ ਦੀ ਬੋਲੀ ਦੀ ਨਕਲ ਕਰਕੇ ਉਸ ਨੂੰ ਦੁਹਰਾਉਂਦਾ ਜ਼ਰੂਰ ਹੈ। ■

# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ :** ਅੱਗ ਗਰਮ ਕਿਉਂ ਹੁੰਦੀ ਹੈ?

**ਉੱਤਰ :** ਜਲਣ ਦੀ ਕਿਰਿਆ ਵਿੱਚ ਗਰਮੀ ਪੈਦਾ ਹੁੰਦੀ ਹੈ। ਇਸ ਨੂੰ ਆਕਸੀਜਨ ਦੀ ਮੌਜੂਦਗੀ ਵਿੱਚ ਹਾਈਡ੍ਰੋਜਨ ਦੇ ਜਲਣ ਦੀ ਪ੍ਰਕਿਰਿਆ ਨੂੰ ਇਸ ਤਰ੍ਹਾਂ ਸਪੱਸ਼ਟ ਕਰ ਸਕਦੇ ਹਾਂ। ਜਦ ਆਕਸੀਜਨ ਹਾਈਡ੍ਰੋਜਨ ਦੇ ਨਾਲ ਸੰਯੋਗ ਕਰਕੇ ਅਣੂ ਬਣਾਉਂਦੀ ਹੈ ਤਾਂ ਇਹ ਹਾਈਡ੍ਰੋਜਨ ਰਾਹੀਂ ਦਿੱਤੇ ਗਏ ਇਲੈਕਟ੍ਰਾਨੋਂ ਤੋਂ ਬਹੁਤ ਜ਼ਿਆਦਾ ਮਜ਼ਬੂਤ ਬੰਧਨ ਬਣਾਉਂਦੀ ਹੈ। ਇਸ ਪ੍ਰਕ੍ਰਿਆ ਵਿੱਚ ਹਾਈਡ੍ਰੋਜਨ ਪ੍ਰਮਾਣੂ ਆਪਣੇ ਇਲਕਟ੍ਰਾਨ ਗਵਾ ਦਿੰਦਾ ਹੈ ਜਦਕਿ ਆਕਸੀਜਨ ਪ੍ਰਮਾਣੂ ਇਲੇਕਟ੍ਰਾਨ ਪ੍ਰਾਪਤ ਕਰਦਾ ਹੈ। ਕਿਸੇ ਵੀ ਪ੍ਰਮਾਣੂ ਤੋਂ ਇੱਕ ਇਲੇਕਟ੍ਰਾਨ ਨੂੰ ਘੱਟ ਕਰਨ ਲਈ ਊਰਜਾ ਦੀ ਲੋੜ ਹੁੰਦੀ ਹੈ।ਇਸ ਲਈ ਊਰਜਾ ਦਾ ਪਰਿਮਾਣ ਲੋੜੀਦੀ ਊਰਜਾ ਤੋਂ ਕਿਤੇ ਜ਼ਿਆਦਾ ਹੁੰਦਾ ਹੈ ਜਿਸ ਨਾਲ ਗਰਮੀ ਪੈਦਾ ਹੁੰਦੀ ਹੈ। ਇਹੀ ਕਾਰਣ ਹੈ ਕਿ ਅੱਗ ਗਰਮ ਹੁੰਦੀ ਹੈ।

**ਪ੍ਰਸ਼ਨ :** ਤੁਸੀਂ ਤੈਰਨ ਲਈ ਪਾਣੀ ਵਿੱਚ ਸਿਰ ਜਾਂ ਪੈਰ ਦੇ ਬਲ ਹੀ ਛਾਲ ਕਿਉਂ ਮਾਰਦੇ ਹੋ?

**ਉੱਤਰ :** ਜਦ ਕੋਈ ਵਸਤੂ ਤਰਲ ਪਦਾਰਥ ਵਿੱਚ ਪਾਈ ਜਾਂਦੀ ਹੈ ਤਾਂ ਤਰਲ ਉਸ ਵਸਤੂ ਤੇ ਉਪਰ ਵੱਲ ਬਲ ਲਗਾਉਂਦਾ ਹੈ। ਇਸ ਲਈ ਜਦ ਤੁਸੀਂ ਸਿਰ ਜਾਂ ਪੈਰ ਦੇ ਬਲ ਪਾਣੀ ਵਿੱਚ ਛਾਲ ਮਾਰਦੇ ਹੋ ਤਾਂ ਪਾਣੀ ਦਾ ਬਲ ਤੁਹਾਡੇ ਸਿਰ ਜਾਂ ਪੈਰਾਂ ਤੇ ਉਪਰ ਲੱਗਦਾ ਹੈ। ਜੇਕਰ ਤੁਸੀਂ ਪਾਣੀ ਦੇ ਬਰਾਬਰ ਛਾਲ ਲਗਾਉਗੇ ਤਾਂ ਇਹ ਬਲ ਸਰੀਰ ਤੇ ਲਗੇਗਾ ਜਿਸ ਨਾਲ ਸਰੀਰ ਨੂੰ ਸੱਟ ਲੱਗਣ ਦੀ ਸੰਭਾਵਨਾ ਰਹਿੰਦੀ ਹੈ।

**ਪ੍ਰਸ਼ਨ :** ਬਰਫ ਪਾਣੀ ਵਿੱਚ ਕਿਉਂ ਤਰਦੀ ਹੈ?

**ਉੱਤਰ :** ਬਰਫ ਤਾਂ ਠੋਸ ਹੁੰਦੀ ਹੈ ਫਿਰ ਵੀ ਉਹ ਪਾਣੀ ਵਿੱਚ ਤੈਰਦੀ ਹੈ। ਹੈ ਨਾ ਅਜੀਬ! ਤਾਂ ਅੱਜ ਇਹ ਜਾਣ ਲਉ ਕਿ ਭਲਾ ਅਜਿਹਾ ਕਿਉਂ ਹੁੰਦਾ ਹੈ? ਦਰਅਸਲ, ਪਾਣੀ ਦਾ ਘਣਤਵ ਜ਼ਿਆਦਾ ਹੁੰਦਾ ਹੈ ਅਤੇ ਬਰਫ ਦਾ ਘਣਤਵ ਪਾਣੀ ਤੋਂ ਘੱਟ। ਜਦ ਬਰਫ ਨੂੰ ਪਾਣੀ ਵਿੱਚ ਪਾਇਆ ਜਾਂਦਾ ਹੈ ਤਾਂ ਉਹ ਕੁੱਝ ਪਾਣੀ ਹਟਾਉਂਦੀ ਹੈ। ਇਸ ਪਾਣੀ ਦੇ ਆਇਤਨ ਦਾ ਭਾਰ ਬਰਫ ਦੇ ਭਾਰ ਤੋਂ ਜ਼ਿਆਦਾ ਹੁੰਦਾ ਹੈ। ਹਾਂ, ਇਸੇ ਵਜ੍ਹਾ ਨਾਲ ਬਰਫ ਪਾਣੀ ਵਿੱਚ ਤੈਰਦੀ ਹੈ।

**ਪ੍ਰਸ਼ਨ :** ਗਰਮ ਚਾਹ ਜਾਂ ਗਰਮ ਦੁੱਧ ਪਾਉਣ ਨਾਲ ਕਦੇ-ਕਦੇ ਕੱਚ ਦਾ ਗਿਲਾਸ ਕਿਉਂ ਟੁੱਟ ਜਾਂਦਾ ਹੈ?

**ਉੱਤਰ :** ਜਦ ਤੁਸੀਂ ਗਿਲਾਸ ਵਿੱਚ ਗਰਮ ਚਾਹ ਜਾਂ ਦੁੱਧ ਪਾਉਂਦੇ ਹੋ ਤਾਂ ਗਿਲਾਸ ਦਾ ਅੰਦਰੂਨੀ ਤਲ ਗਰਮੀ ਗ੍ਰਹਿਣ ਕਰਕੇ ਫੈਲ ਜਾਂਦਾ ਹੈ। ਇਸ ਦੇ ਉਲਟ ਗਿਲਾਸ ਦੇ ਬਾਹਰ ਦਾ ਤਾਪ ਅੰਦਰੂਨੀ ਹਿੱਸੇ ਤੋਂ ਘੱਟ ਗਰਮ ਹੋਣ ਦੇ ਕਾਰਣ ਉਸ ਵਿੱਚ ਫੈਲਾਵ ਨਹੀਂ ਜਾਂ ਘੱਟ ਹੁੰਦਾ ਹੈ। ਦੋਵੇਂ ਹਿਸਿਆਂ ਵਿੱਚ ਤਾਪ ਦੇ ਇਸ ਫਰਕ ਦੇ ਕਾਰਣ ਹੀ ਕਦੇ-ਕਦੇ ਕੱਚ ਦਾ ਗਿਲਾਸ ਗਰਮ ਚਾਹ ਜਾਂ ਗਰਮ ਦੁੱਧ ਪਾਉਣ ਨਾਲ ਟੁੱਟ ਜਾਂਦਾ ਹੈ। ■

ਬੋਧ ਕਥਾ: ਡਾ. ਕੁਸੁਮ ਰਾਣੀ

# ਕਿੱਟੂ ਦਾ ਡਰ

ਗਰਮੀਆਂ ਦਾ ਮੌਸਮ ਸੀ। ਟੀਨਾ ਬਤਖ ਨੇ ਸਮਾਂ ਆਉਣ ਤੇ ਇਸ ਵਾਰ ਪੰਜ ਆਂਡੇ ਦਿੱਤੇ ਸਨ। ਕੁੱਝ ਦਿਨਾਂ ਵਿੱਚ ਉਹਨਾਂ ਵਿੱਚੋਂ ਛੋਟੇ-ਛੋਟੇ ਬੱਚੇ ਨਿਕਲ ਆਏ ਸਨ। ਟੀਨਾ ਅਤੇ ਉਸ ਦੇ ਸਾਥੀ ਬਬਲੂ ਨੇ ਆਪਣਾ ਘਰ ਰੁੱਖ ਦੀ ਇੱਕ ਖੋਲ ਵਿੱਚ ਬਣਾ ਰੱਖਿਆ ਸੀ। ਉਥੇ ਉਹਨਾਂ ਨੂੰ ਸ਼ਿਕਾਰੀਆਂ ਦਾ ਡਰ ਘੱਟ ਸੀ। ਉਹ ਦੋਵੇਂ ਮਿਲ ਕੇ ਤਾਲਾਬ ਵਿਚੋਂ ਬੱਚਿਆਂ ਲਈ ਖਾਣੇ ਦੀ ਵਿਵਸਥਾ ਕਰ ਲੈਂਦੇ ਸਨ। ਬੱਚੇ ਥੋੜੇ ਵੱਡੇ ਹੋ ਗਏ। ਹੁਣ ਉਹਨਾਂ ਨੂੰ ਦੁਨਿਆਦਾਰੀ ਦਾ ਪਾਠ ਪੜਾਉਣ ਦਾ ਵਕਤ ਹੋ ਗਿਆ ਸੀ। ਬਹੁਤ ਸੋਚ ਕੇ ਟੀਨਾ ਅਤੇ ਬਬਲੂ ਨੇ ਉਹਨਾਂ ਨੂੰ ਘਰੋਂ ਬਾਹਰ ਲੈ ਜਾਣ ਦਾ ਮਨ ਬਣਾ ਲਿਆ।

ਬਬਲੂ ਬੋਲਿਆ- 'ਟੀਨਾ, ਬੱਚੇ ਤਿੰਨ ਹਫ਼ਤੇ ਦੇ ਹੋ ਗਏ ਹਨ। ਇਹਨਾਂ ਦੇ ਥੋੜੇ ਖੰਭ ਵੀ ਨਿਕਲ ਆਏ ਹਨ ਹੁਣ ਸਾਨੂੰ ਇਹਨਾਂ ਨੂੰ ਨਾਲ ਲੈ ਕੇ ਤਾਲਾਬ ਤੇ ਚਲਣਾ ਚਾਹੀਦਾ ਹੈ।'

'ਤੁਸੀਂ ਠੀਕ ਕਹਿੰਦੇ ਹੋ। ਬੱਚਿਆਂ ਲਈ ਖਾਣਾ ਇੱਕਠਾ ਕਰਨਾ ਸਾਡੇ ਦੋਵਾਂ ਲਈ ਬਹੁਤ ਮੁਸ਼ਕਿਲ ਹੋ ਰਿਹਾ ਹੈ। ਉਹ ਘਰ ਤੋਂ ਬਾਹਰ ਨਿਕਲਣਗੇ ਤਾਂ ਥੋੜੀ ਬਹੁਤ ਖਾਣੇ ਦੀ ਵਿਵਸਥਾ ਖੁਦ ਵੀ ਕਰ ਲੈਣਗੇ ਅਤੇ ਸਾਨੂੰ ਉਹਨਾਂ ਦੇ ਲਈ ਘਰ ਤਕ ਖਾਣਾ ਲਿਆਉਣ ਦੀ ਲੋੜ ਵੀ ਨਹੀਂ ਰਹੇਗੀ।'

'ਅਜੇ ਉਹ ਛੋਟੇ ਹਨ। ਸਾਨੂੰ ਉਹਨਾਂ ਦਾ ਬਹੁਤ ਧਿਆਨ ਰੱਖਣਾ ਪਏਗਾ।

'ਇਹ ਖਤਰਾ ਹਮੇਸ਼ਾਂ ਸਾਡੇ ਨਾਲ ਰਹਿੰਦਾ ਹੈ। ਅਸੀਂ ਬਹੁਤ ਚੌਕੰਨੇ ਰਹਿ ਕੇ ਬੱਚਿਆਂ ਦੀ ਦੇਖਭਾਲ ਕਰਾਂਗੇ।'

'ਠੀਕ ਹੈ ਅੱਜ ਤੋਂ ਹੀ ਉਹਨਾਂ ਨੂੰ ਬਾਹਰ ਲੈ ਕੇ ਜਾਵਾਂਗੇ।'' ਐਨਾ ਕਹਿ ਕੇ ਬਬਲੂ ਅਤੇ ਟੀਨਾ ਨੇ ਬੱਚਿਆਂ ਨੂੰ ਕੁਝ ਸਮਝਾਇਆ ਅਤੇ ਬਬਲੂ ਰੁੱਖ ਤੋਂ ਹੇਠਾਂ ਕੁੱਦ ਗਿਆ।

ਉਸ ਦੀ ਦੇਖਾ-ਦੇਖੀ ਉਸ ਦੇ ਪਿੱਛੇ ਚਾਰ ਬੱਚਿਆਂ ਨੇ ਆਰਾਮ ਨਾਲ ਛਾਲ ਮਾਰ ਦਿੱਤੀ। ਜ਼ਮੀਨ ਤੇ ਆ ਕੇ ਖੁਲ੍ਹੀ ਜਗ੍ਹਾ ਵਿੱਚ ਉਹਨਾਂ ਨੂੰ ਬਹੁਤ ਚੰਗਾ ਲੱਗਾ। ਛੋਟਾ ਜਿਹਾ ਕਿੱਟੂ ਉਥੋਂ ਹੇਠਾਂ ਵੇਖ ਕੇ ਡਰ ਰਿਹਾ ਸੀ। ਬਬਲੂ ਬੋਲਿਆ- 'ਡਰੋ ਨਹੀਂ ਕਿੱਟੂ, ਅਸੀਂ ਸਾਰੇ ਤੇਰੇ ਨਾਲ ਹਾਂ।'



'ਪਾਪਾ ਮੈਨੂੰ ਡਰ ਲੱਗ ਰਿਹਾ ਹੈ।'

ਡਰਨ ਦੀ ਕੋਈ ਗੱਲ ਨਹੀਂ ਹੈ। ਅਸੀਂ ਪੰਛੀ ਹਾਂ। ਸਾਡਾ ਵਜਨ ਘੱਟ ਹੁੰਦਾ ਹੈ। ਤੂੰ ਅਜੇ ਛੋਟਾ ਬੱਚਾ ਹੈ। ਤੂੰ ਆਸਾਨੀ ਨਾਲ ਹੇਠਾਂ ਕੁੱਦ ਜਾਏਂਗਾ। ਤੈਨੂੰ ਕੁੱਝ ਨਹੀਂ ਹੋਵੇਗਾ।

'ਮੈਨੂੰ ਸੱਟ ਲੱਗ ਗਈ ਤਾਂ?'

'ਤੈਨੂੰ ਆਪਣੇ ਮੰਮੀ-ਪਾਪਾ ਤੇ ਵਿਸ਼ਵਾਸ ਹੈ ਨਾ! ਤੂੰ ਬਿਨਾ ਡਰੇ ਹੇਠਾਂ ਛਾਲ ਮਾਰ ਦੇ।

ਕਿੱਟੂ ਨੇ ਅੱਖਾਂ ਬੰਦ ਕੀਤੀਆਂ ਅਤੇ ਡਰਦੇ-ਡਰਦੇ ਹੇਠਾਂ ਛਾਲ ਮਾਰ ਦਿਤੀ। ਉਸ ਦੇ ਭੈਣ-ਭਰਾ ਤਾਂ ਠੀਕ-ਠਾਕ ਹੇਠਾਂ ਕੁੱਦ ਗਏ ਸਨ ਲੇਕਿਨ ਉਹ ਰੁੱਖ ਦੀ ਟਹਿਣੀ ਵਿੱਚ ਉਲਝ ਗਿਆ।


ਉਹ ਬਹੁਤ ਜ਼ੋਰ ਨਾਲ ਚੀਕਿਆ - ''ਮੰਮੀ-ਪਾਪਾ ਮੈਨੂੰ ਬਚਾਉ।'

ਪਹਿਲਾਂ ਅੱਖਾਂ ਖੋਲ ਅਤੇ ਵੇਖ ਤੂੰ ਛੋਟੇ ਜਿਹੇ ਰੁੱਖ ਦੀ ਟਹਿਣੀ ਤੇ ਅਟਕਿਆ ਹੈ। ਆਪਣੇ ਖੰਭਾਂ ਨੂੰ ਉਪਰ ਚੁਕ। ਤੂੰ ਹੇਠਾਂ ਆ ਜਾਏਂਗਾ।' ਟੀਨਾ ਬੋਲੀ।

ਮੰਮੀ ਦੇ ਕਹਿਣ ਤੇ ਕਿੱਟੂ ਨੇ ਇੰਝ ਹੀ ਕੀਤਾ ਅਤੇ ਹੇਠਾ ਕੁੱਦ ਗਿਆ।

ਸਾਰੇ ਬੱਚਿਆਂ ਨੂੰ ਠੀਕ-ਠਾਕ ਹੇਠਾਂ ਜ਼ਮੀਨ ਤੇ ਚਲਦੇ ਵੇਖ ਕੇ ਟੀਨਾ ਅਤੇ ਬਬਲੂ ਬਹੁਤ ਖੁਸ਼ ਹੋਏ। ਉਹ ਉਹਨਾਂ ਨੂੰ ਲੈ ਕੇ ਬੜੀ ਸਾਵਧਾਨੀ ਨਾਲ ਤਾਲਾਬ ਵੱਲ ਵੱਧ ਰਹੇ ਸਨ। ਕਿੱਟੂ ਨੂੰ ਜ਼ਮੀਨ ਤੇ ਚੱਲਣ ਵਿੱਚ ਅਜੇ ਵੀ ਡਰ ਲੱਗ ਰਿਹਾ ਸੀ। ਤਾਲਾਬ ਵਿੱਚ ਪਹਿਲਾਂ ਹੀ ਬਹੁਤ ਸਾਰੀਆਂ ਬਤਖਾਂ ਅਤੇ ਪਾਣੀ ਵਾਲੇ ਪੰਛੀ ਤੈਰ ਰਹੇ ਸਨ ਅਤੇ ਨਾਲ ਹੀ ਆਪਣੇ ਲਈ ਭੋਜਨ ਵੀ ਲੱਭ ਰਹੇ ਸਨ। ਤਾਲਾਬ ਦੇ ਕਿਨਾਰੇ ਆ ਕੇ ਟੀਨਾ ਅਤੇ ਬਬਲੂ ਆਰਾਮ ਨਾਲ ਪਾਣੀ ਵਿੱਚ ਉਤਰ ਕੇ ਤੈਰਨ ਲੱਗੇ।

ਮੰਮੀ ਅਤੇ ਪਾਪਾ ਦੀ ਦੇਖਾ-ਦੇਖੀ ਚਾਰ ਬੱਚੇ ਪਾਣੀ ਵਿੱਚ ਇੱਕ-ਇੱਕ ਕਰਕੇ ਆ ਗਏ। ਉਹ ਦੋਵੇਂ ਚਾਰੋਂ ਬੱਚਿਆਂ ਦੀ ਬੜੀ ਸਾਵਧਾਨੀ ਨਾਲ ਚੌਕਸੀ ਕਰ ਰਹੇ ਸਨ। ਕਿੱਟੂ ਪਾਣੀ ਵਿੱਚ ਉਤਰਣ ਤੋਂ ਵੀ ਡਰ ਰਿਹਾ ਸੀ।



ਟੀਨਾ ਬੋਲੀ, 'ਡਰ ਨਾ। ਵੇਖੋ ਤੇਰੇ ਭਾਈ-ਭੈਣ ਕਿਵੇਂ ਆਸਾਨੀ ਨਾਲ ਪਾਣੀ ਵਿੱਚ ਤੈਰ ਰਹੇ ਹਨ ਅਤੇ ਉਸ ਦਾ ਮਜਾ ਲੈ ਰਹੇ ਹਨ।'

'ਮੰਮੀ, ਪਲੀਜ ਮੈਂ ਇਥੇ ਹੀ ਠੀਕ ਹਾਂ।'

'ਇੰਝ ਨਹੀਂ ਸੋਚਦੇ। ਤੂੰ ਕੋਸ਼ਿਸ਼ ਕਰਕੇ ਸਭ ਕੰਮ ਕਰ ਲਏਂਗਾ। ਹੁਣੇ ਕੁੱਝ ਦੇਰ ਪਹਿਲਾਂ ਤੂੰ ਰੁੱਖ ਤੋਂ ਹੇਠਾਂ ਕੁੱਦਿਆ ਸੀ। ਕੀ ਤੈਨੂੰ ਕੋਈ ਤਕਲੀਫ ਹੋਈ।'

'ਨਹੀਂ ਮੰਮੀ ਉਥੇ ਜ਼ਮੀਨ ਸੀ। ਇਥੇ ਪਾਣੀ ਹੈ। ਕਿਤੇ ਮੈਂ ਇਸ ਵਿੱਚ ਡੁੱਬ ਗਿਆ ਤਾਂ ਕੀ ਹੋਵੇਗਾ?''

'ਬਤਖਾਂ ਪਾਣੀ ਵਿੱਚ ਤੈਰਨਾ ਜਾਣਦੀਆਂ ਹਨ। ਉਹ ਜਨਮਜਾਤ ਤੈਰਾਕ ਹੁੰਦੀਆਂ ਹਨ। ਕੋਈ ਬਤਖ ਪਾਣੀ ਵਿੱਚ ਨਹੀਂ ਡੁੱਬਦੀ। ਤੂੰ ਸਾਡੇ ਤੇ ਭਰੋਸਾ ਰੱਖ। ਉਥੇ ਇੱਕਲੇ ਰਹਿਣ ਤੇ ਤੇਰੇ ਲਈ ਖਤਰਾ ਹੈ।' ਟੀਨਾ ਬੋਲੀ।



ਉਸ ਨੇ ਕਈ ਵਾਰ ਕਦਮ ਅਗੇ ਵਧਾ ਕੇ ਪਾਣੀ ਵਿੱਚ ਉਤਰਣਾ ਚਾਹਿਆ ਲੇਕਿਨ ਡਰ ਦੇ ਮਾਰੇ ਫਿਰ ਪਿੱਛੇ ਹੋ ਗਿਆ। ਉਹ ਤਾਲਾਬ ਦੇ ਕਿਨਾਰੇ-ਕਿਨਾਰੇ ਚਲਦਾ ਜਾ ਰਿਹਾ ਸੀ। ਟੀਨਾ ਅਤੇ ਬਬਲੂ ਕਿੱਟੂ ਦੇ ਕਾਰਣ ਬੱਚਿਆਂ ਦੇ ਨਾਲ ਤਾਲਾਬ ਦੇ ਕਿਨਾਰੇ ਤੇ ਤੈਰ ਰਹੇ ਸਨ। ਬਹੁਤ ਮਨਾਉਣ ਤੇ ਵੀ ਉਹ ਪਾਣੀ ਵਿੱਚ ਉਤਰਨ ਦੀ ਹਿੰਮਤ ਨਾ ਕਰ ਸਕਿਆ ਅਤੇ ਕਿਨਾਰੇ ਖੜੇ ਹੋ ਕੇ ਉਹਨਾਂ ਨੂੰ ਪਾਣੀ ਵਿੱਚ ਤੈਰਦੇ ਹੋਏ ਵੇਖਦਾ ਰਿਹਾ।

ਰੁੱਖ ਤੇ ਬੈਠੇ ਬਲੈਕੀ ਕਾਂ ਦੀ ਉਸ ਤੇ ਨਜ਼ਰ ਸੀ। ਉਹ ਮੌਕੇ ਦੀ ਭਾਲ ਵਿੱਚ ਸੀ। ਉਸ ਨੂੰ ਕਿ ਲਗਾ ਇਹੀ ਚੰਗਾ ਮੌਕਾ ਹੈ ਜਦ ਉਹ ਕਿੱਟੂ ਨੂੰ ਆਪਣਾ ਸ਼ਿਕਾਰ ਬਣਾ ਸਕਦਾ ਹੈ। ਜਿਉਂ ਹੀ ਟੀਨਾ ਅਤੇ ਬਬਲੂ ਆਪਣੇ ਚਾਰੇ ਬੱਚਿਆਂ ਨੂੰ ਪਾਣੀ ਵਿੱਚ ਘੁੰਮਾਉਣ ਕਿਨਾਰੇ ਤੋਂ ਜਰਾ ਦੂਰ ਲੈ ਗਏ, ਉਸ ਨੇ ਝੱਟ ਕਿੱਟੂ ਤੇ ਹਮਲਾ ਕਰ ਦਿੱਤਾ। ਉਸ ਦੀ ਕਿਸਮਤ ਚੰਗੀ ਸੀ ਕਿ ਉਸ ਨੇ ਬਲੈਕੀ ਨੂੰ ਆਪਣੇ ਵੱਲ ਆਉਂਦੇ ਵੇਖ ਲਿਆ। ਮੌਤ ਨੂੰ ਸਾਹਮਣੇ ਵੇਖ ਉਸ ਨੂੰ ਕੁੱਝ ਨਹੀਂ ਸੁਝਿਆ ਅਤੇ ਉਹ 'ਮੰਮੀ' ਬੋਲਦੇ ਹੋਏ ਪਾਣੀ ਵਿੱਚ ਕੁੱਦ ਗਿਆ।

ਬਲੈਕੀ ਦਾ ਵਾਰ ਬੇਕਾਰ ਚਲਾ ਗਿਆ। ਅਚਾਨਕ ਉਸ ਨੂੰ ਪਾਣੀ ਵਿੱਚ ਵੇਖ ਕੇ ਟੀਨਾ ਨੇ ਪੁੱਛਿਆ– 'ਕੀ ਹੋਇਆ ਤੂੰ ਐਨਾ ਡਰਿਆ ਹੋਇਆ ਕਿਉਂ ਹੈ? ਤੂੰ ਤਾਂ ਪਾਣੀ ਵਿੱਚ ਉਤਰਨ ਤੋਂ ਮਨ੍ਹਾ ਕਰ ਰਿਹਾ ਸੀ।'

'ਮੰਮੀ ਹੁਣੇ-ਹੁਣੇ ਰੁੱਖ ਤੇ ਬੈਠੇ ਕਾਂ ਨੇ ਮੇਰੇ ਤੇ ਹਮਲਾ ਕੀਤਾ।'

'ਚੰਗਾ ਹੋਇਆ ਤੂੰ ਉਸ ਦੇ ਹਮਲੇ ਤੋਂ ਬਚ ਗਿਆ। ਉਸ ਤੋਂ ਘਬਰਾ ਕੇ ਤੂੰ ਪਾਣੀ ਦੇ ਵਿੱਚ ਹੀ ਕੁੱਦਿਆ ਹੈ। ਨਹੀਂ ਤਾਂ ਤੂੰ ਹੁਣ ਤਕ ਉਥੇ ਕਿਨਾਰੇ ਖੜੇ ਰਹਿੰਦਾ।'

'ਮੈਨੂੰ ਬਹੁਤ ਡਰ ਲੱਗ ਰਿਹਾ ਹੈ ਮੰਮੀ।'

'ਡਰਨ ਦੀ ਕੋਈ ਗੱਲ ਨਹੀਂ ਹੈ। ਪਾਣੀ ਸਾਡਾ ਜੀਵਨ ਹੈ। ਅਸੀਂ ਆਪਣਾ ਜ਼ਿਆਦਾਤਰ ਸਮਾਂ ਇਥੇ ਗੁਜਾਰਦੇ ਹਾਂ ਫਿਰ ਵੀ ਤੈਨੂੰ ਘਬਰਾਹਟ ਹੋ ਰਹੀ ਹੈ ਤਾਂ ਆ ਮੇਰੀ ਪਿੱਠ ਤੇ ਬੈਠ ਜਾ। ਮੈਂ ਤੈਨੂੰ ਪਾਣੀ ਵਿੱਚ ਘੁਮਾ ਦਿੰਦੀ ਹਾਂ।' ਟੀਨਾ ਬੋਲੀ।

ਉਹ ਝੱਟ ਮੰਮੀ ਦੀ ਪਿੱਠ ਤੇ ਬੈਠ ਗਿਆ। ਉਹ ਦੋਵੇਂ ਸਾਰੇ ਬੱਚਿਆਂ ਨੂੰ ਲੈ ਕੇ ਪਾਣੀ ਵਿੱਚ ਅੱਗੇ ਵਧ ਰਹੇ ਸਨ। ਉਸ ਦੇ ਹੋਰ ਭੈਣ-ਭਰਾ ਬੋਲੇ- ਮੰਮੀ ਅਸੀਂ ਵੀ ਥੱਕ ਗਏ ਹਾਂ।''

ਤੁਸੀਂ ਵੀ ਸਾਡੀ ਪਿੱਠ ਤੇ ਬੈਠ ਜਾਉ।' ਬਬਲੂ ਬੋਲਿਆ।

ਸਾਰੇ ਬੱਚੇ ਖੁਸ਼ੀ-ਖੁਸ਼ੀ ਮੰਮੀ-ਪਾਪਾ ਦੀ ਪਿੱਠ ਤੇ ਸਵਾਰ ਹੋ ਗਏ। ਉਹਨਾਂ ਨੂੰ ਇਸ ਤਰ੍ਹਾਂ ਮੰਮੀ-ਪਾਪਾ ਦੇ ਨਾਲ ਤੈਰਨ ਦਾ ਬੜਾ ਮਜਾ ਆ ਰਿਹਾ ਸੀ। ਥੋੜੀ ਦੇਰ ਵਿੱਚ ਕਿੱਟੂ ਦਾ ਡਰ ਘੱਟ ਹੋ ਗਿਆ ਅਤੇ ਉਸ ਨੇ ਪਾਣੀ ਵਿੱਚ ਛਾਲ ਮਾਰ ਦਿੱਤੀ। ਹੁਣ ਉਹ ਮਜੇ ਨਾਲ ਤਾਲਾਬ ਵਿੱਚ ਸਾਰਿਆਂ ਦੇ ਨਾਲ ਤੈਰ ਰਿਹਾ ਸੀ। ਟੀਨਾ ਅਤੇ ਬਬਲੂ ਉਨਾਂ ਦੇ ਪਿੱਛੇ ਤੈਰ ਕੇ ਬੱਚਿਆਂ ਦੀ ਰੱਖਵਾਲੀ ਕਰ ਰਹੇ ਸਨ। ਉਹਨਾਂ ਲਈ ਇਹ ਖੇਡ ਹੋ ਗਈ ਸੀ। ਉਹ ਥੋੜੀ ਦੇਰ ਪਾਣੀ ਵਿੱਚ ਤੈਰਦੇ ਅਤੇ ਉਸ ਦੇ ਬਾਦ ਮੰਮੀ-ਪਾਪਾ ਦੀ ਪਿੱਠ ਤੇ ਸਵਾਰ ਹੋ ਜਾਂਦੇ।

ਦੋ-ਤਿੰਨ ਦਿਨਾਂ ਵਿੱਚ ਉਹ ਪਾਣੀ ਵਿੱਚ ਭੋਜਨ ਲੱਭਣ ਵਿੱਚ ਨਿਪੁੰਨ ਹੋ ਗਏ।

ਕਿੱਟੂ ਬੋਲਿਆ- ਪਾਣੀ ਵਿੱਚ ਤੈਰਨ ਵਿੱਚ ਕਿੰਨਾ ਮਜਾ ਆਉਂਦਾ ਹੈ। ਮੰਮੀ ਮੈਨੂੰ ਮਾਫ਼ ਕਰ ਦਿਉ ਮੈਂ ਪਹਿਲਾਂ ਆਪ ਦੀ ਗੱਲ ਨਹੀਂ ਮੰਨੀ।'


'ਕੋਈ ਗੱਲ ਨਹੀਂ ਬੇਟਾ। ਸਾਰੇ ਬੱਚੇ ਇਕੋ ਜਿਹੇ ਨਹੀਂ ਹੁੰਦੇ। ਧੰਨਵਾਦ ਕਰੋ ਬਲੈਕੀ ਕਾਂ ਦਾ ਜਿਸ ਨੇ ਨੁਕਸਾਨ ਪਹੁੰਚਾਏ ਬਿਨਾ ਤੇਰੇ ਅੰਦਰ ਦਾ ਡਰ ਖਤਮ ਕਰ ਦਿੱਤਾ ਤੇ ਤੂੰ ਪਾਣੀ ਵਿੱਚ ਤੈਰਨ ਦਾ ਭਰਪੂਰ ਆਨੰਦ ਲੈ ਰਿਹਾ ਹੈ।'

ਹੁਣ ਟੀਨਾ ਅਤੇ ਬਬਲੂ ਨੂੰ ਕੋਈ ਪ੍ਰੇਸ਼ਾਨੀ ਨਹੀਂ ਸੀ। ਉਹ ਬੱਚਿਆਂ ਨਾਲ ਘਰੋਂ ਆ ਕੇ ਤਾਲਾਬ ਵਿੱਚ ਆਪਣਾ ਭੋਜਨ ਲੱਭਦੇ ਅਤੇ ਉਸ ਦੇ ਬਾਦ ਆਰਾਮ ਕਰਨ ਲਈ ਵਾਪਸ ਘਰ ਆ ਜਾਂਦੇ। ਉਸ ਦੇ ਬਾਦ ਫਿਰ ਕਦੇ ਕਿੱਟੂ ਨੇ ਉਹਨਾਂ ਨੂੰ ਪ੍ਰੇਸ਼ਾਨ ਨਹੀਂ ਕੀਤਾ। ■



ਬਾਲ ਕਵਿਤਾ: ਡਾ. ਵਿਨੋਦ ਗੁਪਤਾ

# ਗਲੋਬਲ ਵਾਰਮਿੰਗ



ਧਰਤੀ ਪ੍ਰਭੂ ਦੀ ਅਨੋਖੀ ਰਚਨਾ,
ਇਸ ਦਾ ਸਾਨੀ ਕੌਣ?
ਸ਼ਾਂਤ ਗਾਂ ਵਾਂਗ ਜਿੰਨਾ ਚੋ ਲਉ,
ਪਰ ਰਹਿੰਦੀ ਵਿਚਾਰੀ ਮੌਨ।

ਇਸ ਦਾ ਸਭ ਕੁੱਝ ਆਪਣਿਆਂ ਦੇ ਲਈ,
ਰੱਖਿਆ ਹੋਇਆ ਹੈ ਕਰਕੇ ਇੱਕਠਾ।
ਅਤੁੱਲ ਜਾਇਦਾਦਾਂ, ਹਰਿਆਲੀ,
ਨਦੀਆਂ, ਝਰਨੇ ਸਾਫ਼ ਬੇਅੰਤ।

ਲੇਕਿਨ ਆਪਣੇ ਸੁਖ ਦੀ ਖਾਤਿਰ,
ਕੀਤਾ ਧਰਤੀ ਨੂੰ ਪਲ-ਪਲ ਖੰਡਿਤ।
ਫਿਰ ਮਾਨਵ ਕੁਕਰਮਾਂ ਖਾਤਿਰ,
ਕਿਉਂ ਨਾ ਧਰਤੀ ਤੋਂ ਹੋਵੇ ਦੰਡਿਤ?

ਜੰਗਲ ਕੱਟੇ, ਖੋਹੀਆਂ ਖੁਸ਼ੀਆਂ,
ਕੀਤਾ ਜੀਵਨ ਦਾ ਜੀਣਾ ਮੁਸ਼ਕਿਲ।
ਵਧਿਆ ਪ੍ਰਦੂਸ਼ਣ ਰੋਗ, ਸ਼ੋਕ ਸਭ,
ਕਿਵੇਂ ਵਾਪਸ ਆਏ ਸਵਗਰ ਧਰਤੀ ਤੇ?

ਹੋਇਆ ਮੁਸ਼ਕਿਲ ਜੀਵਾਂ ਦਾ ਜੀਣਾ,
ਬਣੀ ਮੌਤ ਪਾਣੀ ਦਾ ਪੀਣਾ।
ਹੋਇਆ ਖਤਮ ਸਰੋਤ ਜਿਸ ਨੇ,
ਚੈਨ ਅਮਨ ਸਾਡਾ ਸਭ ਦਾ ਖੋਹਿਆ।

ਪਰਾਬੈਂਗਨੀ ਕਿਰਣਾਂ ਨਾਲ ਜੋ,
ਸਾਨੂੰ ਹੈ ਨਿਤ ਬਚਾਉਂਦਾ।
ਕਰੀਏ ਸੁਰੱਖਿਆ ਓਜੋਨ ਪਰਤ ਦੀ,
ਬਚੇ ਤਦੇ ਇਹ ਧਰਤੀ ਮਾਤਾ।

# ਹਾਸਾ ਖੇੜਾ



*ਚਿੰਟੂ ਬਰਫ ਦਾ ਟੁਕੜਾ ਚੁੱਕ ਕੇ ਉਸ ਨੂੰ ਘੂਰੀ ਜਾ ਰਿਹਾ ਸੀ।*

*ਪੱਪੂ : ਕੀ ਵੇਖ ਰਿਹਾ ਹੈ?*

*ਚਿੰਟੂ : ਵੇਖ ਰਿਹਾ ਹਾਂ ਕਿ ਇਹ ਲੀਕ ਕਿਥੋਂ ਹੋ ਰਿਹਾ ਹੈ।*

---

*ਮੋਹਣ : ਯਾਰ ਮੈਂ ਆਪਣਾ ਪਰਸ ਘਰ ਭੁੱਲ ਆਇਆ ਹਾਂ, ਮੈਨੂੰ 100 ਰੁਪਏ ਦੀ ਲੋੜ ਹੈ।*

*ਸੋਹਣ : ਕੋਈ ਗੱਲ ਨਹੀਂ। ਇੱਕ ਦੋਸਤ ਹੀ ਦੋਸਤ ਦੇ ਕੰਮ ਆਉਂਦਾ ਹੈ। ਇਹ ਲੈ ਦਸ ਰੁਪਏ, ਘਰ ਜਾ ਕੇ ਆਪਣਾ ਪਰਸ ਲੈ ਆ।*

*ਮੋਹਣ : (ਸੋਹਣ ਨੂੰ) ਦਾਲ ਵਿੱਚ ਕਿੰਨੀ ਪ੍ਰੋਟੀਨ ਹੁੰਦੀ ਹੈ।*

*ਸੋਹਣ : ਇੱਕ ਮੁਰਗੀ ਦੇ ਬਰਾਬਰ।*

*ਮੋਹਣ : ਕਿਵੇਂ?*

*ਸੋਹਣ : ਇੱਕ ਕਹਾਵਤ ਹੈ ਨਾ! ਘਰ ਦੀ ਮੁਰਗੀ ਦਾਲ ਬਰਾਬਰ।*





*ਹੈਪੀ : ਲੋਕ ਕਹਿੰਦੇ ਹਨ ਕਿ ਦਿਨ ਵਿੱਚ ਵੇਖੇ ਸੁਪਨੇ ਸੱਚ ਨਹੀਂ ਹੁੰਦੇ, ਪਰ ਮੇਰਾ ਤਾਂ ਕੱਲ ਦਿਨ ਦਾ ਸੁਪਨਾ ਪੂਰਾ ਹੋ ਗਿਆ।*

*ਬੰਟੀ : ਕਿਵੇਂ ਭਲਾ?*

*ਹੈਪੀ : ਕੱਲ ਦੁਪਹਿਰ ਨੂੰ ਮੈਂ ਕਲਾਸ ਵਿੱਚ ਸੌਂਦੇ-ਸੌਂਦੇ ਸੁਪਨਾ ਵੇਖ ਰਿਹਾ ਸੀ ਕਿ ਸਰ ਮੈਨੂੰ ਮਾਰ ਰਹੇ ਹਨ ਅਤੇ ਅਚਾਨਕ ਮੈਂ ਜਾਗਿਆ ਤਾਂ ਵੇਖਿਆ ਕਿ ਸਚਮੁੱਚ ਮੈਨੂੰ ਮਾਰ ਪੈ ਰਹੀ ਹੈ।*



*ਇੱਕ ਵਿਅਕਤੀ : (ਪਹਿਲਵਾਨ ਨੂੰ) ਤੂੰ ਇੱਕ ਵਾਰ ਵਿੱਚ ਕਿੰਨੇ ਬੰਦਿਆਂ ਨੂੰ ਉਠਾ ਸਕਦਾ ਹੈ?*

*ਪਹਿਲਵਾਨ : ਘੱਟੋ-ਘੱਟ ਦੋ।*

*ਵਿਅਕਤੀ : ਬਸ ਤੇਰੇ ਤੋਂ ਚੰਗਾ ਤਾਂ ਮੇਰਾ ਮੁਰਗਾ ਹੈ ਜੋ ਸਵੇਰੇ ਸਾਰੇ ਮੁਹੱਲੇ ਨੂੰ ਉਠਾ ਦਿੰਦਾ ਹੈ।*

*ਸੋਨੂੰ ਪਾਰਕਿੰਗ ਵਿੱਚ ਆਪਣੀ ਕਾਰ ਦੇ ਦੋ ਪਹੀਏ ਕੱਢ ਰਿਹਾ ਸੀ।*

*ਮੋਨੂੰ : ਓਏ ਇਹ ਕੀ ਕਰ ਰਿਹਾ ਹੈ?*

*ਸੋਨੂੰ : ਕਾਰ ਦੇ ਦੋ ਪਹੀਏ ਕੱਢ ਰਿਹਾ ਹਾਂ।*

*ਮੋਨੂੰ : ਲੇਕਿਨ ਤੂੰ ਪਹੀਏ ਕਿਉਂ ਕੱਢ ਰਿਹਾ ਹੈ? ਇਹ ਤਾਂ ਵੇਖਣ ਵਿੱਚ ਠੀਕ ਲੱਗ ਰਹੇ ਹਨ।*

*ਸੋਨੂੰ : ਵੇਖ ਨਹੀਂ ਰਿਹਾ, ਇਥੇ ਲਿਖਿਆ ਹੈ, 'ਔਨਲੀ ਟੂ ਵਹੀਲਰ ਪਾਰਕਿੰਗ'।*

**– ਅਸ਼ੀਸ਼ ਕੁਮਾਰ**

ਰਿੰਗ ਮਾਸਟਰ : (ਸਰਕਸ ਦੇ ਕਰਮਚਾਰੀ ਨੂੰ) ਤੂੰ ਸ਼ੇਰ ਦੇ ਵਾੜੇ ਵਿੱਚ ਜ਼ਿੰਦਰਾ ਕਿਉਂ ਨਹੀਂ ਲਾਇਆ?

ਕਰਮਚਾਰੀ : ਕੀ ਲੋੜ ਹੈ ਸਰ! ਐਨੇ ਖਤਰਨਾਕ ਜਾਨਵਰ ਨੂੰ ਕੌਣ ਚੋਰੀ ਕਰੇਗਾ।



ਇੱਕ ਵਿਅਕਤੀ ਦੇ ਦੰਦ ਵਿੱਚ ਕੀੜਾ ਲੱਗ ਗਿਆ। ਉਹ ਡਾਕਟਰ ਦੇ ਕੋਲ ਗਿਆ ਤਾਂ ਡਾਕਟਰ ਬੋਲਿਆ –

ਚਾਰ ਦਿਨ ਤਕ ਸਵੇਰੇ ਸ਼ਾਮ ਦੁੱਧ-ਬਿਸਕੁਟ ਲਉ ਅਤੇ ਪੰਜਵੇਂ ਦਿਨ ਸਿਰਫ ਦੁੱਧ ਲੈਣਾ, ਕੀੜਾ ਜ਼ਰੂਰ ਨਿਕਲ ਜਾਏਗਾ।

ਉਸ ਨੇ ਚਾਰ ਦਿਨ ਤਕ ਦੁੱਧ-ਬਿਸਕੁਟ ਲਏ ਅਤੇ ਪੰਜਵੇਂ ਦਿਨ ਸਿਰਫ ਦੁੱਧ ਲਿਆ, ਕੀੜਾ ਬਾਹਰ ਨਿਕਲਿਆ ਅਤੇ ਬੋਲਿਆ –

ਅੱਜ ਬਿਸਕੁਟ ਨਹੀਂ ਹੈ ਕੀ?



ਅਚਾਨਕ ਵਰਖਾ ਹੋਣ ਲੱਗੀ।

ਪਹਿਲਾ ਪਾਗਲ : ਚਲ ਅੰਦਰ ਚਲਦੇ ਹਾਂ, ਆਸਮਾਨ ਵਿੱਚ ਛੇਕ ਹੋ ਗਿਆ ਹੈ। ਐਨੇ ਵਿੱਚ ਬਿਜਲੀ ਕੜਕੀ।

ਦੂਸਰਾ ਪਾਗਲ : ਚਲ ਰੁਕ ਜਾ, ਲਗਦਾ ਹੈ ਵੈਲਡਿੰਗ ਵਾਲੇ ਆ ਗਏ ਹਨ।





ਮਾਲਿਕ : ਸਾਨੂੰ ਨੌਕਰ ਦੀ ਲੋੜ ਹੈ ਪਰ ਅਸੀਂ ਅਜਿਹਾ ਨੌਕਰ ਚਾਹੁੰਦੇ ਹਾਂ ਜੋ ਕੰਜੂਸ ਹੋਵੇ।

ਨੌਕਰ : ਜੀ ਕੰਜੂਸੀ ਦੀ ਵਜ੍ਹਾ ਨਾਲ ਹੀ ਮੈਂ ਪਿਛਲੀ ਜਗ੍ਹਾ ਆਪਣੇ ਕਪੜੇ ਨਾ ਪਾ ਕੇ ਮਾਲਿਕ ਦੇ ਕਪੜੇ ਪਾ ਲਿਆ ਕਰਦਾ ਸੀ।

– ਗੁਰਚਰਨ ਆਨੰਦ

ਅਧਿਆਪਕ : ਕਿਸੇ ਅਜਿਹੀ ਜਗ੍ਹਾ ਦਾ ਨਾਂ ਦੱਸੋ ਜਿਥੇ ਬਹੁਤ ਸਾਰੇ ਲੋਕ ਹੋਣ ਫਿਰ ਵੀ ਤੁਸੀਂ ਇੱਕਲੇ ਮਹਿਸੂਸ ਕਰੋ?

ਰਾਜੇਸ਼ : ਏਗਜਾਮੀਨੇਸ਼ਨ ਹਾਲ।

---

ਅਧਿਆਪਕ : ਟੀਟੂ ਦੱਸੋ, ਅਕਬਰ ਨੇ ਕਦੋਂ ਤਕ ਰਾਜ ਕੀਤਾ ਸੀ।

ਟੀਟੂ : ਸਰ ਜੀ, ਪੰਨਾ ਨੰ: 14 ਤੋਂ ਲੈ ਕੇ ਪੰਨਾ ਨੰ: 22 ਤਕ।

– ਪ੍ਰਿਯੰਕਾ

ਜੀਵ-ਜੰਤੂ: ਨੀਲਮ ਭਾਟੀਆ

## ਖਤਰਨਾਕ ਹੁੰਦਾ ਹੈ

# ਬਘਿਆੜ



ਜੰਗਲੀ ਹਿੰਸਕ ਜਾਨਵਰਾਂ ਵਿੱਚੋਂ ਬਘਿਆੜ ਬੜਾ ਹੀ ਖੂੰਖਾਰ ਹੁੰਦਾ ਹੈ। ਇਹ ਸਾਡੇ ਦੇਸ਼ ਦੇ ਅਕਸਰ ਸਾਰੇ ਸਥਾਨਾਂ ਤੇ ਪਾਇਆ ਜਾਂਦਾ ਹੈ। ਵਿਦੇਸ਼ਾਂ ਵਿੱਚ ਰੂਸ, ਨਾਰਵੇ, ਸਾਇਬੇਰੀਆ, ਸਵੀਡਨ ਆਦਿ ਸਥਾਨਾਂ ਤੇ ਵੀ ਬਘਿਆੜ ਬਹੁਤ ਗਿਣਤੀ ਵਿੱਚ ਮਿਲ ਜਾਂਦੇ ਹਨ। ਇਹ ਘਣੇ ਜੰਗਲਾਂ ਵਿੱਚ ਨਹੀਂ ਰਹਿੰਦੇ। ਇਹਨਾਂ ਨੂੰ ਖੁਲ੍ਹੇ ਮੈਦਾਨਾਂ ਵਿੱਚ ਰਹਿਣਾ ਪਸੰਦ ਹੈ।

ਬਘਿਆੜ ਕੁੱਤੇ ਦੀ ਜਾਤੀ ਦਾ ਜੀਵ ਹੈ। ਇਸ ਨੂੰ ਪ੍ਰਾਣੀ ਵਿਗਿਆਨ ਦੀ ਭਾਸ਼ਾ ਵਿੱਚ 'ਕੇਨਿਸ ਲੂਪਸ' ਕਹਿੰਦੇ ਹਨ। ਇਸ ਦਾ ਆਕਾਰ ਵੱਡੇ ਅਲਸੇਸ਼ੀਅਨ ਕੁੱਤੇ ਦੇ ਵਾਂਗ ਹੁੰਦਾ ਹੈ। ਇਹ ਦੋ-ਢਾਈ ਫੁੱਟ ਉਚੇ ਅਤੇ ਤਿੰਨ ਫੁੱਟ ਲੰਮੇ ਹੁੰਦੇ ਹਨ। ਇਸ ਦੀ ਝਬਰੀਲੀ ਪੂਛ, ਡੇਢ ਫੁੱਟ ਲੰਮੀ ਹੁੰਦੀ ਹੈ ਅਤੇ ਕੁੱਤੇ ਦੇ ਵਾਂਗ ਮੁੜੀ ਨਹੀਂ ਹੁੰਦੀ, ਸਿੱਧੀ ਹੁੰਦੀ ਹੈ। ਬਘਿਆੜ ਦੀ ਪਿੱਠ ਦਾ ਰੰਗ ਪੀਲਾ-ਭੂਰਾ ਅਤੇ ਪੇਟ ਦਾ ਰੰਗ ਮਟਮੈਲਾ ਹੁੰਦਾ ਹੈ। ਇਹਨਾਂ ਦੇ ਤੇਜ਼ ਕੰਨ ਕੁੱਤਿਆਂ ਦੇ ਵਾਂਗ ਹੁੰਦੇ ਹਨ ਅਤੇ ਹਮੇਸ਼ਾਂ ਖੜੇ ਰਹਿੰਦੇ ਹਨ। ਇਹਨਾਂ ਦੀਆਂ ਪੰਜ ਉਂਗਲੀਆਂ ਵਾਲੀਆਂ ਪਤਲੀਆਂ ਟੰਗਾਂ ਦੇ ਤਲਵਿਆਂ ਵਿੱਚ ਬਿੱਲੀਆਂ ਦੇ ਵਾਂਗ ਗੱਦੀਆਂ ਅਤੇ ਨਹੁੰ ਹੁੰਦੇ ਹਨ। ਸ਼ੇਰ, ਚੀਤਾ, ਬਿੱਲੀ ਆਦਿ ਜਾਨਵਰਾਂ ਦੇ ਨਹੁੰ ਇਹਨਾਂ ਗੱਦੀਆਂ ਵਿੱਚ ਲੁੱਕੇ ਰਹਿੰਦੇ ਹਨ ਅਤੇ ਲੋੜ ਪੈਣ ਤੇ ਬਾਹਰ ਨਿਕਲਦੇ ਹਨ। ਪ੍ਰੰਤੂ ਬਘਿਆੜ ਦੇ ਨਹੁੰ ਹਮੇਸ਼ਾਂ ਹੀ ਬਾਹਰ ਨਿਕਲੇ ਰਹਿਣ ਦੇ ਕਾਰਣ ਘਸ ਜਾਂਦੇ ਹਨ ਅਤੇ ਬਹੁਤ ਤਿੱਖੇ ਨਹੀਂ ਰਹਿ ਸਕਦੇ। ਇਸ ਦੇ ਦੰਦ ਬਹੁਤ ਮਜ਼ਬੂਤ ਅਤੇ ਪੈਨੇ ਹੁੰਦੇ ਹਨ।

ਬਘਿਆੜ ਦੇ ਵੱਡੇ-ਵੱਡੇ ਝੁੰਡ ਮੈਦਾਨਾਂ ਵਿੱਚ ਘੁੰਮਿਆ ਕਰਦੇ ਹਨ। ਇਹ ਕਦੇ ਇੱਕਲੇ ਨਹੀਂ ਰਹਿੰਦੇ। ਇਹ ਆਪਣੀ ਚਲਾਕੀ, ਛਲ ਅਤੇ ਯੋਜਨਾਬੱਧ ਤਰੀਕੇ ਨਾਲ ਹਮਲਾ ਕਰਨ ਲਈ ਪ੍ਰਸਿੱਧ ਹਨ। ਬਘਿਆੜ ਬੜਾ ਹੀ ਕਰੂਰ ਮਾਸਾਹਾਰੀ ਜਾਨਵਰ ਹੁੰਦਾ ਹੈ। ਬਹੁਤ ਭੁੱਖਾ ਹੋਣ ਤੇ ਇਹ ਆਪਣੇ ਝੁੰਡ ਦੇ ਕਮਜ਼ੋਰ ਮੈਂਬਰਾਂ ਨੂੰ ਖਾ ਜਾਂਦਾ ਹੈ। ਆਮ ਤੌਰ ਤੇ ਇਹ ਖਰਗੋਸ਼, ਬੱਕਰੀ, ਭੇਡ, ਲੂੰਮੜੀ ਆਦਿ ਜਾਨਵਰਾਂ ਦਾ ਸ਼ਿਕਾਰ ਕਰਦੇ ਹਨ ਪ੍ਰੰਤੂ ਆਪਸ ਵਿੱਚ ਮਿਲ ਕੇ ਇਹ ਵੱਡੇ ਜੰਗਲੀ ਜਾਨਵਰਾਂ ਨੂੰ ਵੀ ਮਾਰ ਦਿੰਦੇ ਹਨ। ਇਹ ਲਾਗੇ-ਲਾਗੇ ਦੀਆਂ ਬਸਤੀਆਂ ਵਿੱਚ ਵੀ ਘੁਸ ਜਾਂਦੇ ਹਨ ਅਤੇਘਰਾਂ ਦੀ ਅੱਠ-ਦਸ ਫੁੱਟ ਉਚੀਆਂ ਦੀਵਾਰਾਂ ਨੂੰ ਟੱਪ ਕੇ ਬੱਕਰੀ, ਭੇਡ, ਅਤੇ ਕਦੇ-ਕਦੇ ਤਾਂ ਆਦਮੀਆਂ ਦੇ ਬੱਚਿਆਂ ਨੂੰ ਵੀ ਉਠਾ ਲੈ ਜਾਂਦੇ ਹਨ। ਇਹ ਆਪਣੇ ਸ਼ਿਕਾਰ ਨੂੰ ਕਦੇ ਨਹੀਂ ਛੱਡਦੇ, ਚਾਹੇ ਉਸ ਦਾ ਪਿੱਛਾ ਮੀਲਾਂ ਤਕ ਕਰਨਾ ਪਏ। ਇਹਨਾਂ ਦੇ ਸੁਣਨ ਅਤੇ ਸੁੰਘਣ ਦੀ ਤੇਜ਼ ਸ਼ਕਤੀ ਅਤੇ ਤੇਜ਼ ਰਫਤਾਰ ਨਾਲ ਭੱਜਣ ਦੀ ਤਾਕਤ ਦੇ ਕਾਰਣ ਇਹ ਇਹ ਚੰਗੇ ਸ਼ਿਕਾਰੀ ਜਾਨਵਰ ਹੁੰਦੇ ਹਨ।

ਮਾਦਾ ਬਘਿਆੜ ਠੰਡ ਦੇ ਦਿਨਾਂ ਵਿੱਚ ਇਕੱਠੇ ਛੇ-ਸੱਤ ਬੱਚੇ ਦਿੰਦੀ ਹੈ। ਇਹਨਾਂ ਦੇ ਬੱਚੇ ਕੁੱਤੇ ਦੇ ਪਿੱਲਿਆਂ ਵਾਂਗ ਹੁੰਦੇ ਹਨ। ਇਹਨਾਂ ਦੀਆਂ ਅੱਖਾਂ ਜਨਮ ਦੇ ਸਮੇਂ ਬੰਦ ਹੁੰਦੀਆਂ ਹਨ। ਕੁੱਝ ਦਿਨਾਂ ਤਕ ਮਾਂ ਦੇ ਦੁੱਧ ਪੀਣ ਦੇ ਬਾਦ ਇਹ ਆਪਣੇ ਮਾਤਾ-ਪਿਤਾ ਦੇ ਝੁੰਡ ਵਿੱਚ ਸ਼ਾਮਿਲ ਹੋ ਕੇ ਸ਼ਿਕਾਰ ਕਰਨ ਲੱਗਦੇ ਹਨ। ■

# ਸਾਧਾਰਨ ਗਿਆਨ ਪ੍ਰਸ਼ਨੋਤਰੀ

*(ਸਭ ਸਵਾਲਾਂ ਦੇ ਜੁਵਾਬ 'ਡ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉਤੱਰ ਲਿਖਦੇ ਜਾਉ।)*

ਪ੍ਰਸ਼ਨ 1) ਦੇਹਰਾਦੂਨ ਕਿਸ ਭਾਰਤੀ ਰਾਜ ਦੀ ਰਾਜਧਾਨੀ ਹੈ?

ਪ੍ਰਸ਼ਨ 2) ਕਿਸ ਦੇਸ਼ ਦੀ ਕਰੰਸੀ ਨਿਊਜ਼ੀਲੈਂਡ ਡਾਲਰ ਹੈ?

ਪ੍ਰਸ਼ਨ 3) ਸਾਧਾਰਣ ਨਮਕ ਦਾ ਰਸਾਇਣਿਕ ਨਾਂ ਕੀ ਹੈ?

ਪਸ਼ਨ 4) ਮਹਾਤਮਾ ਗਾਂਧੀ ਨੇ ਵਕਾਲਤ ਦੀ ਪੜਾਈ ਕਿਸ ਦੇਸ਼ ਵਿਚ ਕੀਤੀ ਸੀ?

ਪ੍ਰਸ਼ਨ 5) ਸੀਮਿੰਟ ਉਦਯੋਗ ਲਈ ਪ੍ਰਸਿੱਧ ਸ਼ਹਿਰ ਸਿੰਦਰੀ ਕਿਸ ਭਾਰਤੀ ਰਾਜ ਵਿਚ ਹੈ?

ਪ੍ਰਸ਼ਨ 6) ਸਪੇਨ ਦੇਸ਼ ਦੀ ਰਾਜਧਾਨੀ ਦਾ ਕੀ ਨਾਂ ਹੈ?

ਪ੍ਰਸ਼ਨ 7) ਰਾਮਾਇਣ ਦੇ ਕਿਸ ਕਾਂਡ ਵਿਚ ਭਗਵਾਨ ਸ਼੍ਰੀਰਾਮ ਦੇ ਜਨਮ ਅਤੇ ਬਾਲ ਲੀਲਾ ਦਾ ਵਰਣਨ ਕੀਤਾ ਗਿਆ ਹੈ?

ਪ੍ਰਸ਼ਨ 8) ਕਿਸ ਦੇਸ਼ ਦੇ ਨਿਵਾਸੀਆਂ ਨੂੰ 'ਕਿਵੀ' ਕਿਹਾ ਜਾਂਦਾ ਹੈ?

ਪ੍ਰਸ਼ਨ 9) ਭਾਰਤ ਦਾ ਸਭ ਤੋਂ ਲੰਬਾ ਬੰਨ ਕਿਹੜਾ ਹੈ?

ਪ੍ਰਸ਼ਨ 10) ਕਿਸ ਦੇਸ਼ ਨੂੰ ਸਫੇਦ ਹਾਥੀਆਂ ਦੀ ਭੂਮੀ ਕਿਹਾ ਜਾਂਦਾ ਹੈ?

ਪ੍ਰਸ਼ਨ 11) ਛੱਤਰਪਤੀ ਸ਼ਿਵਾ ਜੀ ਦੀ ਪਹਿਲੀ ਰਾਜਧਾਨੀ ਕਿਹੜੀ ਸੀ?

ਪ੍ਰਸ਼ਨ 12) ਸੁੰਤਤਰਤਾ ਸੈਨਾਨੀ ਚੰਦਰਸ਼ੇਖਰ ਆਜ਼ਾਦ ਦੀ ਮੌਤ ਇਲਾਹਾਬਾਦ ਦੇ ਕਿਸ ਪਾਰਕ ਵਿਚ ਹੋਈ ਸੀ?

ਪ੍ਰਸ਼ਨ 13) ਯੂਰਪ ਦੇ ਕਿਸ ਦੇਸ਼ ਨੂੰ 'ਹਜ਼ਾਰ ਝੀਲਾਂ ਦੀ ਭੂਮੀ' ਕਿਹਾ ਜਾਂਦਾ ਹੈ?

ਪ੍ਰਸ਼ਨ 14) ਝੁਮਰੀਤਲਈਆ ਸ਼ਹਿਰ ਕਿਸ ਭਾਰਤੀ ਰਾਜ ਵਿਚ ਸਥਿਤ ਹੈ?

ਪ੍ਰਸ਼ਨ 15) ਪੇੜ-ਪੌਦੇ ਕਿਸ ਗੈਸ ਨੂੰ ਆਕਸੀਜਨ ਵਿਚ ਬਦਲਦੇ ਹਨ?

ਪੇਸ਼ਕਸ਼: ਵਿਕਾਸ ਅਰੋੜਾ

(ਸਹੀ ਉਤੱਰ ਕਿਸੇ ਹੋਰ ਪੰਨੇ ਤੇ ਵੇਖੋ)



# ਕਿੱਟੀ

ਚਿੱਤਰਕਾਰ ਅਤੇ ਲੇਖਕ
– ਅਜੈ ਕਾਲੜਾ




ਫਿਰ right ਵੇਖੋ।
ਜਦ red light ਹੋਵੇ ਤਾਂ ਰੁਕੋ।
ਜਦ yellow light ਹੋਵੇ ਤਾਂ ਚੱਲਣ ਲਈ ਤਿਆਰ ਹੋ ਜਾਉ।


ਜਦ green light ਹੋਵੇ ਤਾ ਹੀ ਚਲੋ।


ਹਮੇਸ਼ਾਂ ਆਪਣੀ ਲੇਨ
ਵਿੱਚ ਚਲੋ।


ਸੜਕ ਦੇ ਨਾਲ ਬਣੀ ਪਟੜੀ
ਤੇ ਹੀ ਚੱਲੋ।


ਕਿਸੇ ਵੀ ਅਪਾਹਜ ਵਿਅਕਤੀ ਜਾਂ ਬੁੱਢੇ ਵਿਅਕਤੀ ਨੂੰ ਸੜਕ ਪਾਰ ਜ਼ਰੂਰ ਕਰਾਉ।
ਸ਼ਾਬਾਸ਼ ਕਿੱਟੀ! ਬਹੁਤ ਸਹੀ ਦੱਸਿਆ ਤੂੰ।
ਸਾਰੇ ਬੱਚੇ ਕਿੱਟੀ ਲਈ ਤਾੜੀਆਂ ਵਜਾਉ।



ਬਾਲ ਕਹਾਣੀ: ਅਨੀਤਾ ਕਪੂਰ

# ਅਨੋਖਾ ਨਿਆਂ

ਬਹੁਤ ਦਿਨ ਹੋਏ, ਸਾਡੇ ਦੇਸ਼ ਦੀ ਜੂਨਾਗੜ੍ਹ ਰਿਆਸਤ ਵਿੱਚ ਇੱਕ ਬੁੱਧੀਮਾਨ ਅਤੇ ਨਿਆਂਪ੍ਰਿਯ ਰਾਜਾ ਯਸ਼ਦੇਵ ਰਾਜ ਕਰਦਾ ਸੀ। ਰਾਜਾ ਯਸ਼ਦੇਵ ਆਪਣੇ ਨਿਰਪੱਖ ਅਤੇ ਅਨੋਖੇ ਨਿਆਂ ਲਈ ਦੂਰ-ਦੂਰ ਤਕ ਪ੍ਰਸਿੱਧ ਸੀ। ਉਸ ਦੀ ਨਿਆਂਪ੍ਰੀਯਤਾ ਦੀ ਵਜ੍ਹਾ ਨਾਲ ਸਾਰੀ ਰਿਆਸਤ ਵਿੱਚ ਸੰਪਨਤਾ ਅਤੇ ਖੁਸ਼ਹਾਲੀ ਸੀ। ਪ੍ਰਜਾ ਸੁਖੀ ਅਤੇ ਖੁਸ਼ ਸੀ।

ਇਸ ਰਿਆਸਤ ਵਿੱਚ ਇੱਕ ਤੇਲੀ ਰਹਿੰਦਾ ਸੀ। ਬਹੁਤ ਹੀ ਮਿਹਨਤੀ ਅਤੇ ਇਮਾਨਦਾਰ। ਉਹ ਦਿਨ-ਰਾਤ ਮਿਹਨਤ ਕਰਦਾ ਸੀ। ਆਪਣੀ ਆਮਦਨੀ ਵਿਚੋਂ ਥੋੜੀ-ਥੋੜੀ ਬਚਤ ਕਰਕੇ ਉਸ ਨੇ ਚਾਂਦੀ ਦੇ ਕੁਝ ਸਿੱਕੇ ਜਮਾ ਕਰ ਲਏ। ਇੱਕ ਵਾਰ ਤੇਲੀ ਨੂੰ ਜ਼ਰੂਰੀ ਕੰਮ ਲਈ ਘਰ ਤੋਂ ਬਾਹਰ ਜਾਣਾ ਪਿਆ। ਉਸ ਦੇ ਘਰ ਵਿੱਚ ਹੋਰ ਕੋਈ ਨਹੀਂ ਸੀ ਅਤੇ ਚਾਂਦੀ ਦੇ ਉਹਨਾਂ ਸਿੱਕਿਆਂ ਨੂੰ ਉਸ ਨੇ ਸੁੰਨੇ ਘਰ ਵਿੱਚ ਰੱਖਣਾ ਉਚਿਤ ਨਹੀਂ ਸਮਝਿਆ। ਆਖਿਰ ਸੋਚ-ਵਿਚਾਰ ਦੇ ਬਾਦ ਉਸ ਨੇ ਆਪਣੇ ਦੋਸਤ ਸੇਠ ਕਰੋੜੀਮਲ ਦੇ ਘਰ ਉਹਨਾਂ ਸਿੱਕਿਆਂ ਨੂੰ ਰੱਖਣ ਦਾ ਨਿਸ਼ਚਾ ਕੀਤਾ। ਕਰੋੜੀਮਲ ਦੇ ਕੋਲ ਉਹ ਚਾਂਦੀ ਦੇ ਸਿੱਕਿਆਂ ਨਾਲ ਭਰੀ ਆਪਣੀ ਥੈਲੀ ਰੱਖ ਕੇ ਆਪਣੇ ਕੰਮ ਤੇ ਚਲਾ ਗਿਆ।

ਆਪਣਾ ਕੰਮ ਨਿਪਟਾ ਕੇ ਹਫ਼ਤੇ ਬਾਦ ਤੇਲੀ ਵਾਪਸ ਆਇਆ। ਅਗਲੇ ਦਿਨ ਉਹ ਆਪਣੇ ਸਿੱਕਿਆਂ ਦੀ ਥੈਲੀ ਲੈਣ ਲਈ ਸੇਠ ਕਰੋੜੀਮਲ ਦੇ ਕੋਲ ਪਹੁੰਚਿਆ। ਚਾਂਦੀ ਦੇ ਸਿੱਕਿਆਂ ਨੂੰ ਵੇਖ ਕੇ ਸੇਠ ਕਰੋੜੀਮਲ ਦੀ ਨੀਯਤ ਵਿੱਚ ਫਰਕ ਆ ਗਿਆ। ਉਸ ਨੇ ਸੋਚਿਆ ਕਿ ਮੈਨੂੰ ਥੈਲੀ ਦਿੰਦੇ ਹੋਏ ਤੇਲੀ ਨੂੰ ਕਿਸੇ ਨੇ ਨਹੀਂ ਵੇਖਿਆ ਹੈ ਅਤੇ ਤੇਲੀ ਦੇ ਕੋਲ ਅਜਿਹਾ ਕੋਈ ਸਬੂਤ ਵੀ ਨਹੀਂ ਹੈ, ਜਿਸ ਨਾਲ ਇਹ ਸਾਬਿਤ ਹੋ ਸਕੇ ਕਿ ਉਸ ਨੇ ਮੈਨੂੰ ਥੈਲੀ ਦਿੱਤੀ ਸੀ। ਜਦ ਤੇਲੀ ਕਰੋੜੀਮਲ ਦੇ ਕੋਲ ਪਹੁੰਚਿਆ ਤਾਂ ਸੇਠ ਨੇ ਉਸ ਦੀ ਬਹੁਤ ਆਉਭਗਤ ਕੀਤੀ। ਇੱਧਰ-ਉਧਰ ਦੀਆਂ ਕੁੱਝ ਗੱਲਾਂ ਕਰਨ ਦੇ ਬਾਦ ਤੇਲੀ ਨੇ ਆਪਣੀ ਥੈਲੀ ਵਾਪਸ ਮੰਗੀ। ਇਹ ਸੁਣ ਕੇ ਕਰੋੜੀਮਲ ਨੇ ਤੇਵਰ ਬਦਲਦੇ ਹੋਏ ਕਿਹਾ, 'ਤੂੰ ਹੋਸ਼ ਵਿੱਚ ਵੀ ਹੈ ਜਾਂ ਨਹੀਂ? ਕਿਹੜੀ ਥੈਲੀ? ਕਦੋਂ ਦਿੱਤੀ ਸੀ ਤੂੰ ਮੈਨੂੰ ਕੋਈ ਥੈਲੀ? ਕੋਈ ਸਬੂਤ ਹੈ ਤੇਰੇ ਕੋਲ?'

ਤੇਲੀ ਸੇਠ ਕਰੋੜੀਮਲ ਦੇ ਇਸ ਜਵਾਬ ਲਈ ਕਤਈ ਤਿਆਰ ਨਹੀਂ ਸੀ। ਉਸ ਨੂੰ ਆਪਣੇ ਪੈਰਾਂ ਥੱਲਿਉਂ ਜ਼ਮੀਨ ਖਿਸਕਦੀ ਮਹਿਸੂਸ ਹੋਈ। ਕਿਸੇ ਤਰ੍ਹਾਂ ਆਪਣੇ ਆਪ ਨੂੰ ਸੰਭਾਲਦੇ ਹੋਏ ਤੇਲੀ ਨੇ ਕਿਹਾ, 'ਭਾਈ ਤੂੰ ਮੇਰੇ ਬਚਪਨ ਦਾ ਦੋਸਤ ਹੈ। ਮੈਂ ਇੱਕ ਨਿਰਧਨ ਆਦਮੀ ਹਾਂ। ਮੇਰੇ ਨਾਲ ਅਜਿਹਾ ਦਗਾ ਨਾ ਕਰ। ਮੇਰੀ ਥੈਲੀ ਵਾਪਸ ਕਰ ਦੇ। ਤੇਰੇ ਕੋਲ ਤਾਂ ਉਂਝ ਵੀ ਦੌਲਤ ਦੀ ਕੋਈ ਘਾਟ ਨਹੀਂ ਹੈ। ਮੇਰੇ ਗਰੀਬ ਦੇ ਚੰਦ ਸਿੱਕਿਆਂ ਨਾਲ ਤੂੰ ਹੋਰ ਜ਼ਿਆਦਾ ਧਨਵਾਨ ਨਹੀਂ ਬਣ ਜਾਏਗਾ।'

ਤੇਲੀ ਦੀਆਂ ਇਹਨਾਂ ਗੱਲਾਂ ਦਾ ਕਰੋੜੀਮਲ ਤੇ ਕੋਈ ਅਸਰ ਨਹੀਂ ਹੋਇਆ। ਉਸ ਨੇ ਤੇਲੀ ਨੂੰ ਝਾੜਦੇ ਹੋਏ ਕਿਹਾ, 'ਤੈਨੂੰ ਮੈਂ ਕਹਿ ਚੁੱਕਾ ਹਾਂ ਕਿ ਮੇਰੇ ਕੋਲ ਤੇਰੀ ਕੋਈ ਥੈਲੀ ਨਹੀਂ ਹੈ। ਤੂੰ ਸਿੱਧੀ ਤਰ੍ਹਾਂ ਇਥੋਂ ਦਫ਼ਾ ਹੁੰਦਾ ਹੈ ਜਾਂ ਨੌਕਰਾਂ ਤੋਂ ਧੱਕੇ ਮਰਵਾ ਕੇ ਬਾਹਰ ਕੱਢਾਂ?'

ਤੇਲੀ ਵਿਚਾਰਾ ਸਿਰ ਨੀਵਾ ਕਰਕੇ ਉਦਾਸ ਹੋ ਕੇ ਉਥੋਂ ਵਾਪਸ ਪਹੁੰਚਿਆ। ਉਸ ਨੇ ਤੈਅ ਕੀਤਾ ਕਿ ਉਹ ਰਾਜਦਰਬਾਰ ਵਿੱਚ ਰਾਜਾ ਤੋਂ ਇਨਸਾਫ਼ ਦੀ ਮੰਗ ਕਰੇਗਾ।

ਅਗਲੇ ਦਿਨ ਤੇਲੀ ਨੇ ਰਾਜਦਰਬਾਰ ਵਿੱਚ ਪਹੁੰਚ ਕੇ ਸਾਰੀ ਦਾਸਤਾਨ ਰਾਜਾ ਯਸ਼ਦੇਵ ਨੂੰ ਸੁਣਾਈ। ਰਾਜਾ ਨੇ ਪੂਰੇ ਧਿਆਨ ਨਾਲ ਤੇ ਲੀ ਦੀ ਗੱਲ ਸੁਣੀ। ਫਿਰ ਸੇਠ ਕਰੋੜੀਮਲ ਨੂੰ ਦਰਬਾਰ ਵਿੱਚ ਬੁਲਾਇਆ। ਉਸ ਨੇ ਸੇਠ ਤੋਂ ਪੁੱਛਿਆ, 'ਕੀ ਤੇਲੀ ਦਾ ਕਹਿਣਾ ਸੱਚ ਹੈ? ਸੇਠ ਕਰੋੜੀਮਲ ਨੇ ਕਿਹਾ, 'ਨਹੀਂ ਇਹ ਤੇਲੀ ਝੂਠ ਬੋਲ ਰਿਹਾ ਹੈ। ਇਸ ਨੇ ਕੋਈ ਸਿੱਕਿਆਂ ਦੀ ਥੈਲੀ ਮੈਨੂੰ ਨਹੀਂ ਦਿੱਤੀ ਸੀ।'





ਰਾਜਾ ਦੇ ਸਾਹਮਣੇ ਉਲਝਣ ਦੀ ਹਾਲਤ ਬਣ ਗਈ। ਕੁੱਝ ਦਰਬਾਰੀਆਂ ਦੇ ਅਨੁਸਾਰ ਤੇਲੀ ਦਾ ਕਹਿਣਾ ਸਹੀ ਸੀ ਅਤੇ ਕੁੱਝ ਦਾ ਮੰਨਣਾ ਸੀ ਕਿ ਸੇਠ ਕਰੋੜੀਮਲ ਸੱਚਾ ਹੈ।

ਰਾਜਾ ਨੇ ਕੁੱਝ ਸੋਚ ਕੇ ਕਰੋੜੀਮਲ ਦੀ ਤਿਜ਼ੋਰੀ ਦੀ ਤਲਾਸ਼ੀ ਦੇ ਆਦੇਸ਼ ਦਿੱਤੇ। ਤਤਕਾਲ ਤਿਜ਼ੋਰੀ ਦੀ ਤਲਾਸ਼ੀ ਲਈ ਗਈ। ਤਿਜ਼ੋਰੀ ਤੋਂ ਬਰਾਮਦ ਰੁਪਿਆਂ ਦੀਆਂ ਅਨੇਕ ਥੈਲੀਆਂ ਵਿਚੋਂ ਆਪਣੀ ਥੈਲੀ ਲੱਭਣ ਲਈ ਰਾਜਾ ਨੇ ਤੇਲੀ ਨੂੰ ਕਿਹਾ। ਤੇਲੀ ਨੇ ਆਪਣੀ ਥੈਲੀ ਲੱਭ ਕੇ ਰਾਜਾ ਨੂੰ ਫੜਾ ਦਿੱਤੀ। ਇਹ ਵੇਖ ਕੇ ਸੇਠ ਕਰੋੜੀਮਲ ਬੋਲਿਆ, 'ਰਾਜਨ ਇਹ ਤੇਲੀ ਝੂਠਾ ਹੈ। ਸਾਰੀਆਂ ਥੈਲੀਆਂ ਮੇਰੀਆਂ ਹਨ।'

ਰਾਜਾ ਨੇ ਸੇਠ ਕਰੋੜੀਮਲ ਦੇ ਚੀਕਣ-ਚਿਲਾਉਣ ਤੇ ਕੋਈ ਧਿਆਨ ਨਹੀਂ ਦਿੱਤਾ। ਉਸ ਨੇ ਸਾਫ਼ ਬਰਤਨ ਵਿੱਚ ਪਾਣੀ ਮੰਗਵਾਇਆ। ਪਾਣੀ ਆ ਜਾਣ ਤੇ ਰਾਜਾ ਨੇ ਉਸ ਥੈਲੀ ਦੇ ਸਾਰੇ ਸਿੱਕਿਆਂ ਨੂੰ ਪਾਣੀ ਵਿੱਚ ਪਾ ਦਿੱਤਾ। ਕੁੱਝ ਹੀ ਸਮੇਂ ਵਿੱਚ ਸਿੱਕੇ ਪਾਣੀ ਵਿੱਚ ਬੈਠ ਗਏ ਅਤੇ ਪਾਣੀ ਦੇ ਉਪਰ ਤੇਲ ਦੀਆਂ ਕੁੱਝ ਬੂੰਦਾਂ ਤੈਰ ਆਈਆਂ। ਰਾਜਾ ਨੇ ਝੱਟ ਫੈਸਲਾ ਸੁਣਾ ਦਿੱਤਾ। ਉਸ ਨੇ ਸੇਠ ਕਰੋੜੀਮਲ ਨੂੰ ਕੈਦ ਦੀ ਸਜਾ ਸੁਣਾ ਦਿੱਤੀ ਅਤੇ ਤੇਲੀ ਨੂੰ ਉਸ ਦੇ ਚਾਂਦੀ ਦੇ ਸਿੱਕੇ ਥੈਲੀ ਵਿੱਚ ਭਰ ਕੇ ਵਾਪਸ ਕਰ ਦਿੱਤੇ।

ਰਾਜਾ ਦੇ ਇਸ ਫੈਸਲੇ ਨੂੰ ਸੁਣ ਕੇ ਦਰਬਾਰੀ ਹੈਰਾਨ ਹੋ ਗਏ। ਤਦ ਰਾਜਾ ਨੇ ਕਿਹਾ, 'ਇਸ ਵਿੱਚ ਹੈਰਾਨੀ ਵਾਲੀ ਕਿਹੜੀ ਗੱਲ ਹੈ? ਤੇਲੀ ਦੇ ਸਿੱਕੇ ਸਨ, ਇਸ ਲਈ ਪਾਣੀ ਵਿੱਚ ਪੈਂਦੇ ਹੀ ਉਸ ਦੇ ਹੱਥਾਂ ਨਾਲ ਲਗਾ ਤੇਲ ਉਪਰ ਤੈਰ ਆਇਆ। ਜੇਕਰ ਇਹ ਸਿੱਕੇ ਸੇਠ ਕਰੋੜੀਮਲ ਦੇ ਹੁੰਦੇ ਤਾਂ ਉਹਨਾਂ ਤੇ ਤੇਲ ਨਾ ਲੱਗਾ ਹੁੰਦਾ। ਵਿਸ਼ਵਾਸ ਨਾ ਹੋਵੇ ਤਾਂ ਵੇਖ ਲਉ।' ਰਾਜਾ ਨੇ ਪਾਣੀ ਨਾਲ ਭਰਿਆ ਇੱਕ ਹੋਰ ਬਰਤਨ ਮੰਗਵਾਇਆ ਅਤੇ ਉਸ ਵਿੱਚ ਸੇਠ ਦੀ ਦੂਸਰੀ ਥੈਲੀ ਦੇ ਸਿੱਕੇ ਪਾਏ, ਲੇਕਿਨ ਇਸ ਵਾਰ ਤੇਲ ਉਪਰ ਨਹੀਂ ਆਇਆ। ■



# ਕੀ ਤੁਸੀਂ ਜਾਣਦੇ ਹੋ

- ਜ਼ਿਰਾਫ ਹਰਰੋਜ਼ ਅੱਧਾ ਘੰਟਾ ਹੀ ਨੀਂਦ ਲੈਂਦੇ ਹਨ।
- ਕੰਗਾਰੂ ਉਲਟਾ ਨਹੀਂ ਚਲ ਸਕਦਾ।
- ਕਾਕਰੋਚ ਸਿਰ ਕੱਟਣ ਦੇ ਬਾਦ ਵੀ ਨੌ ਦਿਨਾਂ ਤਕ ਜ਼ਿੰਦਾ ਰਹਿ ਸਕਦਾ ਹੈ।
- ਤਿਤਲੀ ਆਪਣੇ ਪੈਰਾਂ ਨਾਲ ਸਵਾਦ ਲੈਂਦੀ ਹੈ।
- ਜਦ ਗੇਂਡੇ ਉਦਾਸ ਹੁੰਦੇ ਹਨ ਤਾਂ ਉਹਨਾਂ ਦੇ ਪਸੀਨੇ ਦਾ ਰੰਗ ਲਾਲ ਹੋ ਜਾਂਦਾ ਹੈ।
- ਚਿੰਪਾਜੀ 300 ਕਿਸਮ ਦੇ ਇਸ਼ਾਰੇ ਸਮਝ ਲੈਂਦਾ ਹੈ।
- ਚੂਹੇ ਬਿਨਾ ਪਾਣੀ ਪੀਤੇ ਉਠ ਤੋਂ ਵੱਧ ਸਮੇਂ ਤਕ ਜੀਵਿਤ ਰਹਿ ਸਕਦੇ ਹਨ।
- ਇੱਕ ਬਾਲਗ ਮਾਨਵ ਦੀਆਂ ਪੱਟ ਦੀਆਂ ਹੱਡੀਆਂ ਕੰਕ੍ਰੀਟ ਤੋਂ ਵੱਧ ਮਜ਼ਬੂਤ ਹੁੰਦੀਆਂ ਹਨ।
- ਕੈਟਫਿਸ਼ ਦੇ 27 ਹਜ਼ਾਰ ਸਵਾਦ ਤੰਤੂ ਹੁੰਦੇ ਹਨ।
- ਜਿਰਾਫ ਦੀ ਗਰਦਨ ਵਿੱਚ ਮਨੁੱਖ ਦੀ ਤਰ੍ਹਾਂ ਸੱਤ ਹੱਡੀਆਂ ਹੁੰਦੀਆਂ ਹਨ।
- ਦੁਨੀਆਂ ਦਾ ਸਭ ਤੋਂ ਛੋਟਾ ਯੁੱਧ ਇੰਗਲੈਂਡ ਅਤੇ ਜਾਂਜੀਬਾਰ ਦੇ ਵਿਚਕਾਰ ਸਾਲ 1896 ਦਾ ਸੀ ਜਿਸ ਵਿੱਚ ਜਾਂਜੀਬਾਰ ਨੇ 38 ਮਿੰਟ ਵਿੱਚ ਸਮਰਪਣ ਕਰ ਦਿੱਤਾ ਸੀ।
- ਮਾਂ ਚਮਗਾਦੜ ਦੇ ਸੁਣਨ ਦੀ ਸ਼ਕਤੀ ਐਨੀ ਤੇਜ਼ ਹੁੰਦੀ ਹੈ ਕਿ ਸੈਂਕੜੇ ਬੱਚਿਆਂ ਦੇ ਵਿੱਚੋਂ ਵੀ ਕਿਸ ਬੱਚੇ ਨੇ ਉਸ ਨੂੰ ਪੁਕਾਰਿਆ ਹੈ, ਉਹ ਸੁਣ ਕੇ ਤੁਰੰਤ ਪਛਾਣ ਲੈਂਦੀ ਹੈ।
- ਅਲਬਾਟ੍ਰਾਸ ਬਿਨਾ ਆਪਣੇ ਖੰਭ ਫੜਫੜਾਏ ਹਵਾ ਵਿੱਚ ਕਾਫੀ ਸਮੇਂ ਤਕ ਲਗਾਤਾਰ ਉਡ ਸਕਦਾ ਹੈ।
- ਵਿਸ਼ਵ ਦਾ ਸਭ ਤੋਂ ਪ੍ਰਾਚੀਨ ਧਾਰਮਿਕ ਗ੍ਰੰਥ ਰਿਗਵੇਦ ਹੈ।
- ਵਿਸ਼ਵ ਵਿੱਚ ਸਭ ਤੋਂ ਪਹਿਲਾਂ ਕਾਗਜੀ ਮੁਦਰਾ ਦੀ ਕਾਢ ਚੀਨ ਵਿੱਚ ਹੋਈ ਸੀ।
- ਵਿਸ਼ਵ ਦਾ ਸਭ ਤੋਂ ਛੋਟਾ ਪੰਛੀ ਹਮਿੰਗ ਬਰਡ ਹੈ।
- ਵਿਸ਼ਵ ਦੀ ਸਭ ਤੋਂ ਵੱਡੀ ਨਦੀ ਨੀਲ ਨਦੀ ਹੈ।
- ਸਭ ਤੋਂ ਵੱਡਾ ਜਲਜੰਤੂ ਵਹੇਲ ਹੈ।
- ਵਿਸ਼ਵ ਦਾ ਸਭ ਤੋਂ ਵੱਡਾ ਮਾਰੂਸਥਲ ਸਹਾਰਾ ਮਾਰੂਸਥਲ ਹੈ।
- ਸਭ ਤੋਂ ਤੇਜ਼ ਵੱਧਣ ਵਾਲਾ ਪੌਦਾ ਬਾਂਸ ਹੈ।

ਸੰਗ੍ਰਿਹਕਰਤਾ – ਵਿਭਾ ਵਰਮਾ

ਬਾਲ ਕਹਾਣੀ: ਪ੍ਰਿਤਪਾਲ ਸਾਦਿਕ

# ਚੀਚੀ ਦੀ ਉਦਾਰਤਾ

ਚੀਚੀ ਗਲਿਹਰੀ ਸੁਰਭਿਤ ਜੰਗਲ ਦੇ ਇੱਕ ਬੋਹੜ ਦੀ ਖੁੱਡ ਵਿੱਚ ਰਹਿੰਦੀ ਸੀ। ਉਸ ਦੇ ਤਿੰਨ ਬੱਚੇ ਵੀ ਉਸ ਦੇ ਨਾਲ ਰਹਿੰਦੇ ਸਨ। ਉਸ ਦਾ ਘਰ ਸਾਰੇ ਜੰਗਲ ਵਿੱਚ ਮਸ਼ਹੂਰ ਸੀ। ਉਸ ਨੇ ਬੜੀ ਮਿਹਨਤ ਨਾਲ ਇਸ ਨੂੰ ਬਣਾਇਆ ਹੋਇਆ ਸੀ। ਬੋਹੜ ਦੇ ਮੋਟੇ ਤਨੇ ਦੀ ਖੁੱਡ ਵਿੱਚ ਜਗ੍ਹਾ ਵੀ ਕਾਫੀ ਸੀ। ਉਸ ਨੇ ਤਿਨਕਿਆਂ ਨਾਲ ਵੰਡ ਕਰਕੇ ਚਾਰ ਕਮਰੇ ਬਣਾਏ ਸਨ। ਇੱਕ ਕਮਰੇ ਵਿੱਚ ਉਹ ਦਾਣਾ ਇੱਕਠਾ ਕਰਕੇ ਰੱਖਦੀ ਸੀ। ਦੂਸਰੇ ਵਿੱਚ ਨਰਮ ਘਾਹ ਵਿਛਾ ਕੇ ਸੌਣ ਦਾ ਪ੍ਰਬੰਧ ਕੀਤਾ ਸੀ। ਤੀਸਰੇ ਵਿੱਚ ਬੱਚੇ ਸਾਰਾ ਦਿਨ ਖੇਡਦੇ ਸਨ। ਗਵਾਂਢ ਦੀ ਟਿੰਨੀ ਚਿੜੀ ਅਤੇ ਮਿਨਮਿਨ ਮੈਨਾ ਦੇ ਬੱਚੇ ਵੀ ਚੀਚੀ ਦੇ ਬੱਚਿਆਂ ਨਾਲ ਖੇਡਣ ਆਉਂਦੇ ਸਨ ਅਤੇ ਚੌਥੇ ਵਾਲੇ ਕਮਰੇ ਵਿੱਚ ਉਹ ਆਪਣੇ ਦੋਸਤਾਂ ਟਿੰਨੀ, ਮਿਨਮਿਨ, ਟੇਂਟੇਂ ਤੋਤਾ ਅਤੇ ਗੁਟਰੂ ਕਬੂਤਰ ਦੇ ਨਾਲ ਗਪਛਪ ਕਰਦੀ ਸੀ। ਕਦੇ-ਕਦੇ ਗੱਲਾਂ ਦਾ ਦੌਰ ਬਹੁਤ ਲੰਮਾ ਚੱਲਦਾ ਸੀ। ਉਹ ਸਾਰੇ ਉਸ ਦੇ ਘਰ ਨੂੰ ਬਹੁਤ ਪਸੰਦ ਕਰਦੇ ਸਨ। ਕਦੇ ਕਿਸੇ ਨੂੰ ਭੁੱਖ ਲੱਗੀ ਹੁੰਦੀ ਤਾਂ ਉਹ ਸਿੱਧਾ ਚੀਚੀ ਦੇ ਘਰ ਆ ਜਾਂਦਾ ਸੀ। ਉਹ ਉਸ ਨੂੰ ਪਿਆਰ ਨਾਲ ਬਿਠਾਉਂਦੀ, ਖਵਾਉਂਦੀ, ਪਿਲਾਉਂਦੀ ਅਤੇ ਚੰਗੀਆਂ ਗੱਲਾਂ ਕਰਦੀ ਸੀ।

ਚੀਚੀ ਬਾਰਿਸ਼ ਆਉਣ ਤੋਂ ਪਹਿਲਾਂ ਹੀ ਦਾਣਾ ਇੱਕਠਾ ਕਰਨਾ ਸ਼ੁਰੂ ਕਰ ਦਿੰਦੀ ਸੀ। ਬੜੀ ਦੂਰ-ਦੂਰ ਤਕ ਦਾਣੇ ਦੀ ਭਾਲ ਵਿੱਚ ਜਾਂਦੀ ਸੀ। ਉਹ ਬੱਚਿਆਂ ਨੂੰ ਸਮਝਾ ਕੇ ਘਰੋਂ ਨਿਕਲਦੀ ਅਤੇ ਦਾਣੇ ਦੀ ਭਾਲ ਕਰਦੀ ਸੀ। ਦਾਣੇ ਦਾ ਸਥਾਨ ਮਿਲ ਜਾਣ ਤੇ ਸਾਰੇ ਦਿਨ ਦਾ ਦਾਣਾ ਢੋਂਦੀ। ਜਦ ਸ਼ਾਮ ਹੋਣ ਲੱਗਦੀ ਤਦੇ ਉਹ ਦਾਣਾ ਢੋਹਣਾ ਬੰਦ ਕਰਦੀ ਸੀ। ਦਾਣਾ ਆਪਣੇ ਸਥਾਨ ਤੇ ਰੱਖ ਕੇ ਬੱਚਿਆਂ ਨੂੰ ਖੂਬ ਪਿਆਰ ਕਰਦੀ ਸੀ। ਉਹਨਾਂ ਨੂੰ ਪੇਟ ਭਰਕੇ ਦਾਣਾ ਖੁਆਉਂਦੀ ਸੀ।

ਚੀਚੀ ਨੇ ਆਪਣੀ ਮਿਹਨਤ ਅਤੇ ਲਗਨ ਨਾਲ ਫਸਲ ਘੱਟ ਹੋਣ ਦੇ ਬਾਵਜੂਦ ਹਰੇਕ ਸਾਲ ਦੀ ਤਰ੍ਹਾਂ ਹੀ ਦਾਣਾ ਇੱਕਠਾ ਕਰ ਲਿਆ ਸੀ। ਵਰਖਾ ਦੇ ਦਿਨ ਵੀ ਸ਼ੁਰੂ ਹੋਣ ਵਾਲੇ ਸਨ।



ਉਸ ਦਿਨ ਸਵੇਰ ਤੋਂ ਹੀ ਮੌਸਮ ਕੁੱਝ ਖਰਾਬ ਸੀ। ਆਸਮਾਨ ਤੇ ਬੱਦਲ ਛਾਏ ਹੋਏ ਸਨ। ਤੇਜ਼ ਹਵਾਵਾਂ ਬੱਦਲਾਂ ਨੂੰ ਉਡਾ ਲਈ ਜਾ ਰਹੀਆਂ ਸਨ। ਅਚਾਨਕ ਤੇਜ਼ ਵਰਖਾ ਹੋਣ ਲੱਗੀ। ਚਾਰੇ ਪਾਸੇ ਹਨ੍ਹੇਰਾ ਛਾ ਗਿਆ। ਹਵਾ ਅਤੇ ਵਰਖਾ ਨੇ ਤੂਫਾਨ ਦਾ ਰੂਪ ਲੈ ਲਿਆ। ਸੁਰਭਿਤ ਜੰਗਲ ਦੇ ਸਾਰੇ ਪਛੂ-ਪੰਛੀ ਸੁਰੱਖਿਅਤ ਥਾਵਾਂ ਤੇ ਪਹੁੰਚਣ ਲਈ ਇਧਰ-ਉਧਰ ਦੌੜਨ ਲੱਗੇ। ਕਿੰਨੇ ਹੀ ਰੁੱਖ ਉਖੜ ਗਏ।



ਚੀਚੀ ਹਿੰਮਤ ਕਰਕੇ ਬਾਹਰ ਆਈ ਅਤੇ ਸਾਰੇ ਪੰਛੀਆਂ ਨੂੰ ਆਪਣੇ ਘਰ ਬੁਲਾਉਣ ਲੱਗੀ। ਬੋਹੜ ਦਾ ਰੁੱਖ ਮਜ਼ਬੂਤ ਹੋਣ ਦੇ ਕਾਰਣ ਉਸ ਦੇ ਘਰ ਨੂੰ ਕੋਈ ਖਤਰਾ ਨਹੀਂ ਸੀ। ਟਿੰਨੀ, ਮਿਨਮਿਨ, ਟੇਂਟੇਂ, ਗੁਟਰੂ ਅਤੇ ਹੋਰ ਵੀ ਕਈ ਦੋਸਤ ਚੀਚੀ ਦੇ ਘਰ ਆਪਣੇ ਬੱਚਿਆਂ ਨੂੰ ਲੈ ਕੇ ਆ ਗਏ। ਅੰਦਰ ਆ ਕੇ ਸਾਰਿਆਂ ਨੇ ਚੈਨ ਦੀ ਸਾਹ ਲਈ। ਚੀਚੀ ਸਾਰਿਆਂ ਦੀ ਆਉਭਗਤ ਵਿੱਚ ਲਗ ਗਈ। ਮੌਸਮ ਕਈ ਦਿਨਾਂ ਬਾਦ ਖੁਲ੍ਹਿਆ। ਐਨੇ ਦਿਨ ਚੀਚੀ ਨੇ ਸਾਰਿਆਂ ਨੂੰ ਆਪਣੇ ਹੀ ਘਰ ਰੱਖਿਆ। ਭੋਜਨ ਆਦਿ ਦੀ ਵਿਵਸਥਾ ਕੀਤੀ। ਜਦ ਮੌਸਮ ਬਿਲਕੁਲ ਸਾਫ਼ ਹੋ ਗਿਆ ਤਾਂ ਸਾਰੇ ਚੀਚੀ ਤੋਂ ਵਿਦਾਈ ਲੈਣ ਲੱਗੇ। ਟਿੰਨੀ ਬੋਲੀ, 'ਭੈਣ, ਤੂੰ ਨਾ ਹੁੰਦੀ ਤਾਂ ਸਾਡਾ ਸਾਰਿਆਂ ਦੀ ਕੀ ਹਾਲ ਹੁੰਦਾ?

'ਚੀਚੀ ਤੇਰੇ ਤੋਂ ਚੰਗਾ ਦੋਸਤ ਤਾਂ ਕੋਈ ਹੋ ਹੀ ਨਹੀਂ ਸਕਦਾ।' ਮਿਨਮਿਨ ਨੇ ਵੀ ਹਾਂ ਵਿੱਚ ਹਾਂ ਮਿਲਾਈ।

ਟੇਂਟੇ ਕਹਿਣ ਲੱਗਾ, 'ਤੇਰੀ ਇਸ ਨੇਕੀ ਨੂੰ ਅਸੀਂ ਕਦੇ ਵੀ ਨਹੀਂ ਭੁੱਲ ਸਕਾਂਗੇ। ਤੈਨੂੰ ਕਦੇ ਵੀ ਕਿਸੇ ਮਦਦ ਦੀ ਲੋੜ ਹੋਵੇ ਤਾਂ ਦੱਸਣਾ ਅਸੀਂ ਸਾਰੇ ਤੇਰੇ ਨਾਲ ਹੋਵਾਂਗੇ।'

'ਕਿਵੇਂ ਲਾਹਾਂਗੇ ਤੇਰਾ ਇਹ ਅਹਿਸਾਨ। ਤੂੰ ਨਾ ਹੁੰਦੀ ਤਾਂ ਸਾਡੇ ਬੱਚਿਆਂ ਦਾ ਕੀ ਹੁੰਦਾ?' ਗੁਟਰੂ ਭਾਵਕ ਹੁੰਦੇ ਹੋਏ ਬੋਲਿਆ।

ਸਾਰਿਆਂ ਦੀਆਂ ਗੱਲਾਂ ਸੁਣ ਕੇ ਚੀਚੀ ਨੇ ਹੱਸਦੇ ਹੋਏ ਕਿਹਾ, ''ਮੈਂ ਕਿਸੇ ਤੇ ਕੋਈ ਅਹਿਸਾਨ ਨਹੀਂ ਕੀਤਾ। ਇਹ ਤਾਂ ਮੇਰਾ ਫਰਜ਼ ਸੀ। ਦੋਸਤ ਜੇਕਰ ਮੁਸੀਬਤ ਵਿੱਚ ਕੰਮ ਨਾ ਆਏ ਤਾਂ ਫਿਰ ਉਹ ਦੋਸਤ ਹੀ ਕੀ।'

'ਚੀਚੀ ਆਂਟੀ ਸਾਨੂੰ ਤਾਂ ਇਥੇ ਐਨਾ ਚੰਗਾ ਲਗਾ ਕਿ ਘਰ ਜਾਣ ਦਾ ਮਨ ਹੀ ਨਹੀਂ ਹੋ ਰਿਹਾ।'' ਮਿਨਮਿਨ ਦੇ ਬੱਚਿਆਂ ਦੀ ਗੱਲ ਸੁਣ ਕੇ ਸਾਰੇ ਠਹਾਕਾ ਮਾਰ ਕੇ ਹੱਸ ਪਏ ਅਤੇ ਆਪਣੇ - ਆਪਣੇ ਘਰ ਨੂੰ ਚਲ ਪਏ। ■



ਪੇਸ਼ਕਸ਼ : ਹਰਜੀਤ ਨਿਰੰਕਾਰੀ

# ਧਰਤੀ ਨੂੰ ਸੁੰਦਰ ਬਣਾਈਏ

ਪ੍ਰਿਥਵੀ ਸਾਡਾ ਪਿਆਰਾ ਗ੍ਰਹਿ ਹੈ ਜੋ ਸਾਨੂੰ ਜੀਵਨ ਪ੍ਰਦਾਨ ਕਰਦਾ ਹੈ। ਹੁਣ ਤਕ ਪ੍ਰਾਪਤ ਜਾਣਕਾਰੀ ਦੇ ਆਧਾਰ ਤੇ ਸਾਡੇ ਬ੍ਰਹਿਮੰਡ ਵਿੱਚ ਪ੍ਰਿਥਵੀ ਸੂਰਜ ਤੋਂ ਤੀਸਰਾ ਗ੍ਰਹਿ ਹੈ। ਪ੍ਰਿਥਵੀ ਤੇ ਜੀਵਨ ਹੈ। ਪ੍ਰਿਥਵੀ ਦੇ ਆਸ-ਪਾਸ ਜੋ ਵੀ ਰੁੱਖ-ਪੌਦੇ, ਜੀਵ-ਜੰਤੂ, ਹਵਾ, ਪਾਣੀ, ਪ੍ਰਕਾਸ਼, ਮਿੱਟੀ ਆਦਿ ਹਨ ਇਹੀ ਸਾਡਾ ਵਾਤਾਵਰਣ ਹੈ। ਵਾਤਾਵਰਣ ਦੀ ਰੱਖਿਆ ਕਰਨਾ ਸਾਡਾ ਫਰਜ਼ ਹੈ। ਕੁਦਰਤ ਦੇ ਬਿਨਾ ਮਾਨਵ ਜੀਵਨ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਜਲ, ਥਲ, ਹਵਾ, ਅਗਨੀ, ਆਕਾਸ਼ ਇਹਨਾਂ ਪੰਜ ਤੱਤਾਂ ਨਾਲ ਮਾਨਵ ਜੀਵਨ ਹੈ। ਜੀਵਨ ਖ਼ਤਮ ਹੋਣ ਤੇ ਇਹ ਪੰਜੇ ਤੱਤ ਪੰਜ ਤੱਤਾਂ ਵਿੱਚ ਲੀਨ ਹੋ ਜਾਂਦੇ ਹਨ।

ਅਮਰੀਕੀ ਸੀਨੇਟਰ ਜੇਰਾਲਡ ਨੇਲਸਨ ਨੇ ਵਾਤਾਵਰਣ ਦੀ ਸੁਰੱਖਿਆ ਦੀ ਦਿਸ਼ਾ ਵਿੱਚ ਅਨੇਕਾਂ ਕੰਮ ਕੀਤੇ। ਉਹਨਾਂ ਨੇ ਪ੍ਰਿਥਵੀ ਦਿਵਸ (Earth Day) ਦੀ ਸਥਾਪਨਾ ਕੀਤੀ ਜੋ ਹਰ ਸਾਲ 22 ਅਪ੍ਰੈਲ ਨੂੰ ਮਨਾਇਆ ਜਾਂਦਾ ਹੈ। 1970 ਤੋਂ ਦੁਨੀਆਂ ਦੇ 192 ਦੇਸ਼ ਪ੍ਰਿਥਵੀ ਦਿਵਸ ਮਨਾ ਕੇ ਵਾਤਾਵਰਣ ਦੀ ਸੁਰੱਖਿਆ ਲਈ ਜਾਗਰੂਕਤਾ ਸਥਾਪਿਤ ਕਰਦੇ ਹਨ। ਅੱਜ ਸਭ ਤੋਂ ਵੱਧ ਲੋੜ ਗਲੋਬਲ ਜਲਵਾਯੂ ਦੇ ਖਤਰੇ ਨੂੰ ਸਮਝਣ ਦੀ ਹੈ ਜੋ ਸਾਲ-ਦਰ-ਸਾਲ ਹੋਰ ਖਰਾਬ ਹੁੰਦਾ ਜਾ ਰਿਹਾ ਹੈ। ਇਹ ਸਾਰੇ ਪ੍ਰਿਥਵੀਵਾਸੀਆਂ ਦਾ ਪਹਿਲਾ ਫਰਜ਼ ਹੈ ਕਿ ਸਾਰੇ ਮਿਲ ਕੇ ਸਾਡੀ ਪਿਆਰੀ ਧਰਤੀ ਦੀ ਸੁਰੱਖਿਆ ਅਤੇ ਇਸ ਨੂੰ ਬਚਾਉਣ ਲਈ ਕੰਮ ਕਰਨ। ਅਸੀਂ ਸਾਰੇ ਜਾਣਦੇ ਹਾਂ ਕਿ ਪ੍ਰਿਥਵੀ ਤੇ ਪਾਣੀ ਦਾ ਹੋਣਾ ਕਿੰਨਾ ਮਹੱਤਵਪੂਰਣ ਹੈ। ਪਾਣੀ ਹੀ ਜੀਵਨ ਹੈ। ਪਾਣੀ ਧਰਤੀ ਤੇ ਇੱਕ ਵਰਦਾਨ ਦਾ ਰੂਪ ਹੈ। ਪਾਣੀ ਦੀ

ਬਰਬਾਦੀ ਦੇ ਕਾਰਣ ਸਾਡੀ ਧਰਤੀ ਦੇ ਹਾਲਾਤ ਖਰਾਬ ਤੋਂ ਖਰਾਬ ਹੁੰਦੇ ਜਾ ਰਹੇ ਹਨ। ਸਾਰੇ ਵੱਧ ਤੋਂ ਵੱਧ ਤੋਂ ਪਾਣੀ ਬਚਾਉ ਅਤੇ ਇਸ ਦਾ ਦੁਰਉਪਯੋਗ ਰੋਕੋ ਤਦੇ ਇਹ ਕੰਮ ਹੋ ਸਕਦਾ ਹੈ।

ਜੰਗਲ ਧਰਤੀ ਦੇ ਗਹਿਣੇ ਹਨ। ਧਰਤੀ ਦੀ ਸੁੰਦਰਤਾ ਲਈ ਵੱਧ ਤੋਂ ਵੱਧ ਰੁੱਖ ਲਗਾਏ ਜਾਣੇ ਚਾਹੀਦੇ ਹਨ। ਰੁੱਖ ਲਗਾ ਕੇ ਅਸੀਂ ਧਰਤੀ ਦੀ ਕੁਦਰਤੀ ਸੁੰਦਰਤਾ ਨੂੰ ਕਾਇਮ ਰੱਖ ਸਕਦੇ ਹਾਂ, ਨਾਲ ਹੀ ਨੁਕਸਾਨਦਾਇਕ ਕਾਰਬਨ ਨੂੰ ਵੀ ਰੋਕ ਸਕਦੇ ਹਾਂ। ਜੰਗਲ ਦੀ ਰੱਖਿਆ ਦੇ ਨਾਲ-ਨਾਲ ਜੰਗਲੀ ਜੀਵਾਂ ਦੀ ਸੁਰੱਖਿਆ ਵੀ ਜ਼ਰੂਰੀ ਹੈ। ਦੋਵੇਂ ਇੱਕ-ਦੂਸਰੇ ਦੇ ਲਈ ਜ਼ਰੂਰੀ ਹਨ।

ਅੱਜ ਗਲੋਬਲ ਵਾਰਮਿੰਗ ਦੀ ਸਮੱਸਿਆ ਪ੍ਰਿਥਵੀ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚਾ ਰਹੀ ਹੈ। ਗ੍ਰੀਨ ਹਾਊਸ ਗੈਸ ਦੇ ਕਾਰਣ ਪ੍ਰਿਥਵੀ ਦੇ ਤਾਪਮਾਨ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।
ਮੀਥੇਨ, ਕਾਰਬਨ-ਡਾਈਆਕਸਾਇਡ ਅਤੇ ਕਲੋਰੋ-ਫਲੂਰੋ ਕਾਰਬਨ ਅਜਿਹੀ ਗ੍ਰੀਨ ਹਾਊਸ ਗੈਸਾਂ ਹਨ ਜੋ ਮਾਨਵੀ ਲਾਪ੍ਰਵਾਹੀ ਦੇ ਕਾਰਣ ਲਗਾਤਾਰ ਵੱਧ ਰਹੀਆਂ ਹਨ। ਇਸ ਦੇ ਪ੍ਰਭਾਵ ਦੇ ਕਾਰਣ ਪ੍ਰਿਥਵੀ ਦੀ ਸਤਹ ਤੇ ਹਵਾ ਅਤੇ ਸਮੁੰਦਰ ਦਾ ਤਾਪਮਾਨ ਲਗਾਤਾਰ ਵੱਧ ਰਿਹਾ ਹੈ। ਵਾਤਾਵਰਣ ਵਿੱਚ ਕਾਰਬਨਡਾਈਆਕਸਾਇਡ ਗੈਸ ਦੀ ਵੱਧਦੀ ਮਾਤਰਾ ਗਲੋਬਲ ਵਾਰਮਿੰਗ ਦਾ ਮੁਖ ਕਾਰਣ ਹੈ। ਜਿਸ ਤੇ ਰੋਕ ਲਗਾਉਣਾ ਬਹੁਤ ਜ਼ਰੂਰੀ ਹੈ। ਧਰਤੀ ਦਾ ਵੱਧਦਾ ਤਾਪਮਾਨ ਗਲੇਸ਼ੀਅਰ ਵਿੱਚ ਜੰਮੀ ਬਰਫ ਨੂੰ ਪਿਘਲਾ ਕੇ ਪਾਣੀ ਬਣਾ ਦਿੰਦੇ ਹਨ ਜਿਸ ਨਾਲ ਸਮੁੰਦਰ ਵਿੱਚ ਪਾਣੀ ਦਾ ਪੱਧਰ ਵਧ ਜਾਂਦਾ ਹੈ। ਸਾਲ-ਦਰ-ਸਾਲ ਸਮੁੰਦਰ ਵਿੱਚ ਪਾਣੀ ਦੀ ਮਾਤਰਾ ਖਤਰਨਾਕ ਪੱਧਰ ਤਕ ਵੱਧ ਜਾਂਦੀ ਹੈ। ਹੀਲਿਅਮ ਗੈਸ ਸਭ ਤੋਂ ਵੱਧ ਹਾਨੀਕਾਰਕ ਅਤੇ ਗਰਮ ਗੈਸ ਹੈ। ਪਿਛਲੇ 15 ਸਾਲਾਂ ਵਿੱਚ ਕਾਰਬਨ ਡਾਈਆਕਸਾਇਡ ਗੈਸ ਵੀ ਲਗਭਗ 40 ਗੁਣਾ ਵੱਧ ਚੁੱਕਾ ਹੈ।

ਗਲੋਬਲ ਵਾਰਮਿੰਗ ਦੇ ਕਾਰਣ ਤੂਫਾਨ, ਹੜ੍ਹ, ਭਾਰੀ-ਵਰਖਾ ਦੀ ਮਾਤਰਾ ਵੱਧ ਜਾਂਦੀ ਹੈ। ਵਾਤਾਵਰਣ ਦਾ ਪੂਰਾ ਸਿਸਟਮ ਹੀ ਬਦਲ ਜਾਂਦਾ ਹੈ ਜਿਸ ਨਾਲ ਜ਼ਿਆਦਾ ਗਰਮੀ, ਜ਼ਿਆਦਾ ਸਰਦੀ ਜਾਂ ਵੱਧ ਬਰਸਾਤ ਹੁੰਦੀ ਹੈ। ਸਮੁੰਦਰ ਦੇ ਪਾਣੀ ਦਾ ਪੱਧਰ ਵਧਣ ਨਾਲ ਸਮੁੰਦਰ ਵਿੱਚ ਟਾਪੂਆਂ ਤੇ ਵੱਸੇ ਦੁਨੀਆਂ ਦੇ ਕਈ ਦੇਸ਼ਾਂ ਦੇ ਜਲਮਗਨ ਹੋਣ ਦਾ ਵੀ ਖਤਰਾ ਵੱਧ ਗਿਆ ਹੈ। ਕਾਰਬਨ ਨੂੰ ਘੱਟ ਕਰਨਾ ਅਤੇ ਜੰਗਲੀ ਖੇਤਰ ਨੂੰ ਵਧਾਉਣਾ ਹੀ ਇਸ ਤੋਂ ਬਚਣ ਦਾ ਉਪਾਅ ਹੈ।

ਓਜ਼ੋਨ ਦੀ ਪਰਤ ਧਰਤੀ ਦੇ ਵਾਤਾਵਰਣ ਦੀ ਬਾਹਰੀ ਸੁਰੱਖਿਆ ਕਵੱਚ ਹੈ ਜੋ ਧਰਤੀ ਤੇ ਨੁਕਸਾਨਦਾਇਕ ਪੈਰਾਬੈਂਗਨੀ ਕਿਰਣਾਂ ਨੂੰ ਰੋਕਦੀ ਹੈ। ਓਜ਼ੋਨ ਦੀ ਪਰਤ ਵਿੱਚ ਜੋ ਬਹੁਤ ਵੱਡਾ ਛੇਕ ਹੋ ਗਿਆ ਸੀ ਉਹ ਕਰੋਨਾ ਮਹਾਮਾਰੀ ਦੇ ਸਮੇਂ ਵਿੱਚ ਮਾਨਵੀ ਗਤੀਵਿਧੀਆਂ ਘੱਟ ਹੋਣ ਕਾਰਣ ਕਾਫੀ ਹੱਦ ਤਕ ਭਰ ਗਿਆ ਸੀ। ਅੱਜ ਦੁਨੀਆਂ ਭਰ ਵਿੱਚ ਧਰਤੀ ਤੇ ਚੱਲਣ ਵਾਲੇ ਵਾਹਨਾਂ, ਹਵਾਈਜਹਾਜ਼ਾਂ ਆਦਿ ਨਾਲ ਬਹੁਤ ਜ਼ਿਆਦਾ ਗ੍ਰੀਨ ਗੈਸ ਹੁੰਦੀ ਹੈ ਅਤੇ ਗਲੋਬਲ ਵਾਰਮਿੰਗ ਦਾ ਪ੍ਰਮੁੱਖ ਕਾਰਣ ਬਣਦੀ ਹੈ।

ਸਾਨੂੰ ਸਾਰਿਆਂ ਨੂੰ ਮਿਲ ਜੁਲ ਕੇ 'ਪ੍ਰਿਥਵੀ ਦਿਵਸ' ਤੇ ਗਲੋਬਲ ਵਾਰਮਿੰਗ ਤੋਂ ਬਚਾਉ ਦਾ ਰਾਹ ਕੱਢਣਾ ਪਵੇਗਾ ਤਾਂਕਿ ਸਾਡੀ ਧਰਤੀ ਹਰੀ-ਭਰੀ ਅਤੇ ਸਾਫ ਵਾਤਾਵਰਣ ਵਾਲੀ ਬਣ ਸਕੇ। ਧਰਤੀ ਤੇ ਰਹਿਣ ਵਾਲੇ ਲੋਕ ਨਿਰੋਗ ਅਤੇ ਚੰਗੀ ਸਿਹਤ ਵਾਲੇ ਬਣ ਸਕਣ। ਪ੍ਰਿਥਵੀ ਦਿਵਸ ਤੇ ਸਾਨੂੰ ਸਾਰਿਆਂ ਨੂੰ ਪ੍ਰਿਥਵੀ ਦੀ ਰੱਖਿਆ ਦਾ ਇਹੀ ਪ੍ਰਣ ਲੈਣਾ ਚਾਹੀਦਾ ਹੈ। ■

## ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

1) ਉਤਰਾਖੰਡ
2) ਨਿਊਜ਼ੀਲੈਂਡ
3) ਸੋਡੀਅਮ ਕਲੋਰਾਈਡ
4) ਇੰਗਲੈਂਡ
5) ਝਾਰਖੰਡ
6) ਮੈਡ੍ਰਿਡ
7) ਬਾਲ ਕਾਂਡ
8) ਨਿਊਜ਼ੀਲੈਂਡ
9) ਹੀਰਾ ਕੁੰਡ
10) ਥਾਈਲੈਂਡ
11) ਰਾਇਗਡ
12) ਏਲਕ੍ਰੇਡ
13) ਫਿਨਲੈਂਡ
14) ਝਾਰਖੰਡ
15) ਕਾਰਬਨ ਡਾਇਆਕਸਾਈਡ


ਕਵਿਤਾ : ਮਦਨ 'ਸ਼ੇਖਪੁਰੀ'

# ਨੰਨੇ-ਮੁੰਨੋ!

ਠੀਕ ਸਮੇਂ ਤੇ ਪੜਨ ਹੈ ਜਾਣਾ।
ਵਾਪਸ ਠੀਕ ਸਮੇਂ ਤੇ ਆਉਣਾ।
ਆਪਣੇ ਜੀਵਨ ਦਾ ਮਕਸਦ ਤੁਸੀਂ,
ਨੰਨੇ-ਮੁੰਨੋਂ ਇਹੀ ਬਣਾਉਣਾ।
ਠੀਕ ਸਮੇਂ ਤੇ ਪੜਨ ਹੈ ਜਾਣਾ...

ਕਦਰ ਸਮੇਂ ਦੀ ਜਿਸ ਨੇ ਕੀਤੀ ਹੈ,
ਉਸ ਦੀ ਝੋਲੀ ਰਹੀ ਭਰੀ ਹੈ।
ਸੋਨੂੰ-ਮੋਨੂੰ ਸੁਣੋ ਧਿਆਨ ਨਾਲ,
ਗੱਲਾਂ ਵਿੱਚ ਨਾ ਸਮਾਂ ਗਵਾਉਣਾ।
ਠੀਕ ਸਮੇਂ ਤੇ ਪੜਨ ਹੈ ਜਾਣਾ

... ਖੁਦ ਚਲ ਕੇ ਮੰਜ਼ਿਲ ਹੈ ਆਉਂਦੀ,
ਕਦਮਾਂ ਵਿੱਚ ਉਸ ਦੇ ਝੁਕ ਜਾਂਦੀ।
ਇੱਜ਼ਤ ਜਿਸ ਨੇ ਕੀਤੀ ਵਕਤ ਦੀ,
ਜਿਸ ਨੇ ਮੁੱਲ ਸਮੇਂ ਦਾ ਜਾਣਿਆ।
ਠੀਕ ਸਮੇਂ ਤੇ ਪੜਨ ਹੈ ਜਾਣਾ



ਬਾਲ ਕਹਾਣੀ : ਅਮਨਪ੍ਰੀਤ ਸਿੰਘ

# ਐਦਾਂ ਬਚਿਆ ਨੰਨਾ ਡਾਇਨਾਸੋਰ

ਲਵਲੀਵਨ ਵਿੱਚ ਭਾਲੂ, ਖਰਗੋਸ਼ ਤੇ ਟਾਈਗਰ ਪੱਕੇ ਦੋਸਤ ਸਨ। ਖਰਗੋਸ਼ ਨੂੰ ਆਪਣਾ ਘੁਰਨਾ ਬਣਾਉਂਦੇ ਸਮੇਂ ਇੱਕ ਨੀਲੇ-ਹਰੇ ਰੰਗ ਦਾ ਅੰਡਾ ਮਿਲਿਆ ਸੀ। ਜਿਸ ਵਿੱਚੋਂ ਇੱਕ ਨੰਨਾ ਡਾਇਨਾਸੋਰ ਨਿਕਲਿਆ ਸੀ ਜੋ ਕਿ ਬਹੁਤ ਪਿਆਰਾ ਸੀ। ਨੀਲੀਆਂ ਉਸ ਦੀਆਂ ਅੱਖਾਂ ਸਨ ਤੇ ਹਰਾ-ਹਰਾ ਉਸ ਦਾ ਰੰਗ ਸੀ। ਨੰਨੇ ਡਾਇਨਾਸੋਰ ਲਈ ਇੱਕ ਪਿਆਰੀ ਜਿਹੀ ਘਾਹ-ਫੂਸ ਦੀ ਝੌਂਪੜੀ ਵੀ ਬਣਾਈ ਸੀ। ਟਾਈਗਰ, ਭਾਲੂ ਤੇ ਖਰਗੋਸ਼ ਉਸ ਦੀ ਪੂਰੀ ਦੇਖਭਾਲ ਕਰ ਰਹੇ ਸਨ। ਕਈ ਦਿਨ ਲੰਘ ਗਏ ਸਨ। ਨੰਨਾ ਡਾਇਨਾਸੋਰ ਹੁਣ ਤੁਰਨ ਲੱਗਾ ਸੀ। ਨੰਨਾ ਡਾਇਨਾਸੋਰ ਆਪਣੀਆਂ ਪਿਛਲੀਆਂ ਲੱਤਾਂ ਦੇ ਸਹਾਰੇ ਹੌਲੀ-ਹੌਲੀ ਤੁਰਦਾ ਸੀ। ਚਲਦੇ ਹੋਏ ਉਹ ਅਗਲੀਆਂ ਲੱਤਾਂ ਉਪਰ ਚੁੱਕ ਲੈਂਦਾ ਸੀ। ਉਹ ਤੁਰਦਾ ਹੋਇਆ ਬਹੁਤ ਪਿਆਰਾ ਲੱਗਦਾ ਸੀ।

ਭਾਲੂ, ਟਾਈਗਰ ਅਤੇ ਖਰਗੋਸ਼ ਉਸ ਨਾਲ ਮਸਤੀ ਵੀ ਕਰਨ ਲੱਗੇ ਸਨ ਕਿਉਂਕਿ ਨੰਨਾ ਡਾਇਨਾਸੋਰ ਦਿਸਣ ਵਿੱਚ ਸੁੰਦਰ ਵੀ ਸੀ ਤੇ ਬਹੁਤ ਹੀ ਮਨਮੋਹਕ ਵੀ ਸੀ। ਨੰਨਾ ਡਾਇਨਾਸੋਰ ਵੀ ਉਨ੍ਹਾਂ ਨਾਲ ਮਸਤੀ ਕਰ ਰਿਹਾ ਸੀ। ਉਹ ਭਾਲੂ ਦੇ ਸਰੀਰ ਉਪਰ ਚੜਨ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਉਸ ਤੋਂ ਚੜ੍ਹ ਨਹੀਂ ਹੋ ਰਿਹਾ ਸੀ ਕਿਉਂਕਿ ਉਹ ਹਾਲੇ ਬੱਚਾ ਸੀ। ਉਸ ਨਾਲ ਤਿੰਨੋਂ ਦੋਸਤ ਖੂਬ ਖੇਡ-ਕੁੱਦ ਰਹੇ ਸਨ। ਇੱਕ ਰਾਤ ਤਿੰਨੋਂ ਦੋਸਤ ਭਾਲੂ, ਟਾਈਗਰ ਅਤੇ ਖਰਗੋਸ਼ ਬਹੁਤ ਥੱਕ ਗਏ ਸਨ। ਜਿਸ ਕਾਰਨ ਉਨ੍ਹਾਂ ਨੂੰ ਜਲਦੀ ਹੀ ਨੀਂਦ ਆ ਗਈ ਸੀ, ਪਰ ਨੰਨਾ ਡਾਇਨਾਸੋਰ ਅਜੇ ਸੁੱਤਾ ਨਹੀਂ ਸੀ ਉਹ ਝੌਂਪੜੀ ਵਿੱਚ ਜਾਗ ਰਿਹਾ ਸੀ। ਅਚਾਨਕ ਹੀ ਜੰਗਲ ਵਿੱਚ ਉਸ ਦੀ ਨਜ਼ਰ ਪੀਲੇ-ਪੀਲੇ ਚਾਨਣ ਵੱਲ ਗਈ। ਉਹ ਚਾਨਣਾਂ ਅੱਗ ਦੀਆਂ ਮਸਾਲਾਂ ਦਾ ਸੀ ਜੋ ਕਿ



ਇਨਸਾਨਾਂ ਦੇ ਹੱਥਾਂ ਵਿੱਚ ਸਨ। ਉਹ ਇਨਸਾਨ ਅੱਗ ਦੀਆਂ ਮਸਾਲਾਂ ਚੁੱਕੀ, ਸ਼ਿਕਾਰ ਦੀ ਤਲਾਸ਼ ਕਰ ਰਹੇ ਸਨ।

ਨੰਨਾ ਡਾਇਨਾਸੋਰ ਜਾਗ ਰਿਹਾ ਸੀ ਤੇ ਉਹ ਹੌਲੀ-ਹੌਲੀ ਉਨ੍ਹਾਂ ਵੱਲ ਝੌਂਪੜੀ ਵਿੱਚੋਂ ਤੁਰਨ ਲੱਗਾ। ਤੁਰਦੇ-ਤੁਰਦੇ ਨੰਨਾ ਡਾਇਨਾਸੋਰ ਬੋਹੜ ਦੇ ਦਰੱਖਤ ਤੋਂ ਕਈ ਗਜ਼ ਅੱਗੇ ਪਹੁੰਚ ਗਿਆ ਸੀ। ਸ਼ਿਕਾਰੀ ਵੀ ਉਸ ਦੇ ਨਜ਼ਦੀਕ ਸਨ। ਉਧਰ ਭਾਲੂ, ਟਾਈਗਰ ਤੇ ਖਰਗੋਸ਼ ਗੂੜ੍ਹੀ ਨੀਂਦ ਵਿੱਚ ਸਨ। ਸ਼ਿਕਾਰੀਆਂ ਨੇ ਜਦੋਂ ਨੰਨੇ ਡਾਇਨਾਸੋਰ ਨੂੰ ਦੇਖਿਆ ਤਾਂ ਉਹ ਹੈਰਾਨ ਹੋ ਗਏ ਕਿਉਂਕਿ ਨੰਨਾ ਡਾਇਨਾਸੋਰ ਉਨ੍ਹਾਂ ਲਈ ਅਨੋਖਾ ਜਾਨਵਰ ਸੀ। ਉਨ੍ਹਾਂ ਨੇ ਇਸ ਤਰ੍ਹਾਂ ਦਾ ਜਾਨਵਰ ਪਹਿਲੀ ਵਾਰ ਜੰਗਲ ਵਿੱਚ ਦੇਖਿਆ ਸੀ। ਸ਼ਿਕਾਰੀਆਂ ਨੇ ਜਲਦੀ ਨਾਲ ਉਸ ਨੰਨੇ ਡਾਇਨਾਸੋਰ ਤੇ ਜਾਲ ਪਾ ਦਿੱਤਾ ਅਤੇ ਚੰਗੀ ਤਰ੍ਹਾਂ ਉਸ ਨੂੰ ਬੰਨ ਦਿੱਤਾ। ਖਰਗੋਸ਼ ਬਹੁਤ ਚਲਾਕ ਸੀ। ਉਸ ਨੇ ਜੰਗਲ ਵਿੱਚ ਹੋ ਰਹੇ ਸ਼ੋਰ-ਸ਼ਰਾਬੇ ਨੂੰ ਮਹਿਸੂਸ ਕਰ ਲਿਆ। ਖਰਗੋਸ਼ ਦੀ ਅੱਖ ਖੁੱਲ ਗਈ। ਖਰਗੋਸ਼ ਨੇ ਜਲਦੀ ਨਾਲ ਆਪਣੇ ਘੁਰਨੇ ਵਿੱਚੋਂ ਬਾਹਰ ਨਿਕਲ ਕੇ ਨੰਨੇ ਡਾਇਨਾਸੋਰ ਨੂੰ ਉਸ ਦੀ ਝੌਂਪੜੀ ਵਿੱਚ ਦੇਖਿਆ ਪਰ ਉਹ ਉਥੇ ਨਹੀਂ ਸੀ। ਖਰਗੋਸ਼ ਨੇ ਜਲਦੀ ਨਾਲ ਟਾਈਗਰ ਅਤੇ ਭਾਲੂ ਨੂੰ ਜਗਾਇਆ ਅਤੇ ਦੱਸਿਆ ਕਿ ਸਾਡਾ ਨੰਨਾ ਦੋਸਤ ਗਾਇਬ ਹੈ।

ਟਾਈਗਰ ਅਤੇ ਭਾਲੂ ਦੀ ਵੀ ਨਜ਼ਰ ਦੂਰ ਬਲਦੀਆਂ ਅੱਗ ਦੀਆਂ ਮਸਾਲਾਂ ਤੇ ਪਈ। ਭਾਲੂ ਨੇ ਕਿਹਾ ਕਿ ਜੰਗਲ ਵਿੱਚ ਸ਼ਿਕਾਰੀ ਆ ਗਏ ਹਨ। ਟਾਈਗਰ ਅਤੇ ਭਾਲੂ ਨੇ ਜਲਦੀ ਨਾਲ ਆਪਣੇ ਨੰਨੇ ਦੋਸਤ ਨੂੰ ਲੱਭਣਾ ਸ਼ੁਰੂ ਕੀਤਾ ਪਰ ਇੱਧਰ ਓਧਰ ਉਹ ਨਹੀਂ ਦਿਸ ਰਿਹਾ ਸੀ। ਫਿਰ ਭਾਲੂ, ਖਰਗੋਸ਼ ਅਤੇ ਟਾਈਗਰ ਸ਼ਿਕਾਰੀਆਂ ਵੱਲ ਵਧੇ ਤਾਂ ਉਹਨਾਂ ਨੇ ਦੇਖਿਆ ਕਿ ਨੰਨਾ ਡਾਇਨਾਸੋਰ ਸ਼ਿਕਾਰੀਆਂ ਦੇ ਕਬਜ਼ੇ ਵਿੱਚ ਇੱਕ ਜਾਲ ਵਿੱਚ ਬੰਨਿਆ ਹੋਇਆ ਸੀ। ਸ਼ਿਕਾਰੀਆਂ ਕੋਲ ਤਿੱਖੇ ਹਥਿਆਰ ਅਤੇ ਅੱਗ ਦੀਆਂ ਮਸਾਲਾਂ ਸਨ। ਇਸ ਲਈ ਸਿੱਧਾ ਉਨ੍ਹਾਂ ਦਾ ਮੁਕਾਬਲਾ ਕਰਨਾ ਜਾਨ ਖ਼ਤਰੇ ਵਿੱਚ ਪਾਉਣ ਵਾਲੀ ਗੱਲ ਸੀ। ਇਸ ਲਈ ਟਾਈਗਰ, ਭਾਲੂ ਤੇ ਖਰਗੋਸ਼ ਆਪਣੇ ਦੋਸਤ ਨੂੰ ਬਚਾਉਣ ਲਈ ਕੋਈ ਤਰਕੀਬ ਸੋਚਣ ਲੱਗੇ ਕਿ ਕੀ ਕੀਤਾ ਜਾਵੇ, ਕਿਵੇਂ ਸ਼ਿਕਾਰੀਆਂ ਤੋਂ ਆਪਣੇ ਦੋਸਤ ਨੂੰ ਬਚਾਇਆ ਜਾਵੇ।



ਖਰਗੋਸ਼ ਦਾ ਦਿਮਾਗ ਬਹੁਤ ਤੇਜ਼ ਸੀ। ਉਸ ਨੇ ਟਾਈਗਰ ਅਤੇ ਭਾਲੂ ਨੂੰ ਕਿਹਾ ਕਿ ਅਸੀਂ ਵੀ ਉਨ੍ਹਾਂ ਨੂੰ ਅੱਗ ਨਾਲ ਹੀ ਡਰਾਵਾਂਗੇ। ਸ਼ਿਕਾਰੀਆਂ ਦੀ ਗਿਣਤੀ ਜਿਆਦਾ



ਸੀ। ਖਰਗੋਸ਼ ਨੇ ਆਪਣੀ ਤਰਕੀਬ ਦੱਸੀ ਕਿ ਮੈਂ ਭਾਲੂ ਦੇ ਮੋਢਿਆਂ ਤੇ ਬੈਠ ਜਾਵਾਂਗਾ ਤੇ ਪੱਤਿਆਂ ਨਾਲ ਅਸੀਂ ਆਪਣੇ ਸਰੀਰ ਨੂੰ ਢੱਕ ਲਵਾਂਗੇ ਅਤੇ ਵੱਡੀ ਝਾੜੀ ਨੂੰ ਅੱਗ ਲਗਾ ਕੇ ਅਸੀਂ ਵੀ ਸ਼ਿਕਾਰੀਆਂ ਵੱਲ ਵਧਾਂਗੇ। ਉਹ ਡਰ ਕੇ ਭੱਜ ਜਾਣਗੇ। ਭਾਲੂ ਅਤੇ ਟਾਈਗਰ ਨੂੰ ਖਰਗੋਸ਼ ਦੀ ਤਰਕੀਬ ਠੀਕ ਲੱਗੀ। ਉਨ੍ਹਾਂ ਨੇ ਉਸੇ ਤਰ੍ਹਾਂ ਕੀਤਾ। ਖਰਗੋਸ਼, ਭਾਲੂ ਦੇ ਮੋਢਿਆਂ ਤੇ ਬੈਠ ਗਿਆ ਤੇ ਟਾਈਗਰ ਨੇ ਉਨ੍ਹਾਂ ਦਾ ਸਰੀਰ ਪੱਤਿਆਂ ਵਿੱਚ ਛੁਪਾ ਦਿੱਤਾ ਅਤੇ ਇੱਕ ਵੱਡੀ ਸੁੱਕੀ ਝਾੜੀ ਨੂੰ ਅੱਗ ਲਗਾ ਲਈ ਅਤੇ ਸ਼ਿਕਾਰੀਆਂ ਵੱਲ ਵਧਣ ਲੱਗੇ। ਸ਼ਿਕਾਰੀਆਂ ਨੇ ਜਦੋਂ ਇਹ ਦੇਖਿਆ ਤਾਂ ਉਹ ਬਹੁਤ ਡਰ ਗਏ। ਉਹ ਇਹ ਸਭ ਦੇਖ ਕੇ 'ਭੂਤ-ਭੂਤ' ਕਹਿਣ ਲੱਗ ਗਏ। ਸ਼ਿਕਾਰੀਆਂ ਨੇ ਆਪਣੇ ਹਥਿਆਰ ਧਰਤੀ ਤੇ ਸੁੱਟ ਦਿੱਤੇ ਤੇ ਡਰ ਕਾਰਨ ਵਾਪਿਸ ਭੱਜਣ ਲੱਗੇ। ਭਾਲੂ ਅਤੇ ਖਰਗੋਸ਼ ਦੇ ਹੱਥ ਵਿੱਚ ਅੱਗ ਲੱਗੀ ਝਾੜੀ ਸੀ।

ਕੁਝ ਹੀ ਸਮੇਂ ਵਿੱਚ ਸ਼ਿਕਾਰੀ ਉਥੋਂ ਦੂਰ ਭੱਜ ਗਏ। ਭਾਲੂ, ਖਰਗੋਸ਼ ਅਤੇ ਟਾਈਗਰ ਸ਼ਿਕਾਰੀਆਂ ਦੁਆਰਾ ਬੋਲੇ ਜਾਣ ਵਾਲੇ ਸ਼ਬਦ 'ਭੂਤ-ਭੂਤ' ਤੇ ਖੁਸ਼ ਹੋ ਰਹੇ ਸਨ। ਖਰਗੋਸ਼ ਦੀ ਤਰਕੀਬ ਕੰਮ ਕਰ ਗਈ ਸੀ। ਨੰਨਾ ਡਾਇਨਾਸੋਰ ਭਾਲੂ, ਖਰਗੋਸ਼ ਅਤੇ ਟਾਈਗਰ ਨੂੰ ਦੇਖ ਰਿਹਾ ਸੀ। ਉਨ੍ਹਾਂ ਨੇ ਜਲਦੀ ਨਾਲ ਨੰਨੇ ਡਾਇਨਾਸੋਰ ਨੂੰ ਜਾਲ ਵਿੱਚੋਂ ਅਜ਼ਾਦ ਕੀਤਾ। ਉਸ ਨੰਨੇ ਡਾਇਨਾਸੋਰ ਨੇ ਜਲਦੀ ਨਾਲ ਭਾਲੂ ਨੂੰ ਜੱਫੀ ਪਾ ਲਈ ਜਿਵੇਂ ਕਹਿ ਰਿਹਾ ਹੋਵੇ - 'ਧੰਨਵਾਦ'। ਤਿੰਨੋਂ ਦੋਸਤ ਆਪਣੇ ਨੰਨੇ ਡਾਇਨਾਸੋਰ ਦੋਸਤ ਨੂੰ ਦੁਬਾਰਾ ਪਾ ਕੇ ਬਹੁਤ ਖੁਸ਼ ਹੋਏ। ਭਾਲੂ ਅਤੇ ਟਾਈਗਰ ਨੇ ਖਰਗੋਸ਼ ਦਾ ਧੰਨਵਾਦ ਕੀਤਾ ਅਤੇ ਬਹੁਤ ਪ੍ਰਸ਼ੰਸਾ ਕੀਤੀ। ਚਾਰੋਂ ਦੋਸਤ ਵਾਪਿਸ ਉਸ ਬੋਹੜ ਕੋਲ ਆ ਗਏ ਤੇ ਕਾਫੀ ਦੇਰ ਆਪਸ ਵਿੱਚ ਗੱਲਾਂ ਕਰਦੇ ਰਹੇ। ਉਨ੍ਹਾਂ ਨੇ ਨੰਨੇ ਡਾਇਨਾਸੋਰ ਨੂੰ ਵੱਡੀ ਮੁਸੀਬਤ ਤੋਂ ਬਚਾ ਲਿਆ ਸੀ। ■

ਕਵਿਤਾ : ਨਵੀਨ ਅਰੋੜਾ

# ਅੱਗੇ ਹੀ ਵੱਧਦੇ ਜਾਵਾਂਗੇ

ਭਾਵੇਂ ਅਜੇ ਅਸੀਂ ਬੱਚੇ ਹਾਂ,
ਲੇਕਿਨ ਮਨ ਦੇ ਸੱਚੇ ਹਾਂ।
ਅਸੀਂ ਸਾਰੇ ਕਦਮ ਮਿਲਾਵਾਂਗੇ,
ਅੱਗੇ ਹੀ ਵੱਧਦੇ ਜਾਵਾਂਗੇ।

ਹਨ੍ਹੇਰੀ ਸਾਨੂੰ ਨਾ ਰੋਕੇਗੀ,
ਨਦੀ ਸਾਨੂੰ ਨਾ ਟੋਕੇਗੀ।
ਲੈਕੇ ਤਿਰੰਗਾ ਹੱਥਾਂ ਵਿੱਚ,
ਸਾਰੇ ਬੱਚਿਆਂ ਦੇ ਨਾਲ।
ਜਨ-ਗਣ-ਮਨ ਅਸੀਂ ਗਾਵਾਂਗੇ,
ਭਾਰਤ ਮਜ਼ਬੂਤ ਬਣਾਵਾਂਗੇ।


ਹਰੇ ਭਰੇ ਹਨ ਖੇਤ ਸਾਡੇ,
ਬਾਗ ਸਾਡੇ ਪਿਆਰੇ-ਪਿਆਰੇ।
ਫੁੱਲ ਖਿੜੇ ਹਨ ਟਹਿਣੀ-ਟਹਿਣੀ,
ਅਸੀਂ ਇਸ ਦੇ ਪਿਆਰੇ ਮਾਲੀ।
ਸੱਭ ਨੂੰ ਸੁਖੀ ਬਣਾਵਾਂਗੇ,
ਕਲੀਆਂ ਵਾਂਗੂੰ ਮੁਸਕਾਵਾਂਗੇ।

ਚੰਨ੍ਹ ਆਉਂਦਾ ਸਾਨੂੰ ਸੁਵਾਉਣ,
ਸੂਰਜ ਆਉਂਦਾ ਸਾਨੂੰ ਜਗਾਉਣ।
ਖਿੜਕੀ ਵਿੱਚ ਆ ਕੇ ਚਿੜੀ,
ਕਹਿੰਦੀ ਹੁਣ ਉਠ ਜਾ ਗੁੱਡੀ।
ਮੱਖਣ-ਮਿਸ਼ਰੀ ਵੀ ਖਾਵਾਂਗੇ,
ਫਿਰ ਪੜਨ ਅਸੀਂ ਜਾਵਾਂਗੇ।



# ਰੰਗ ਭਰੋ





ਨਾਂ ........................................................ ਉਮਰ ......

ਪੂਰਾ ਪਤਾ ....................................................

..................................................................

# ਅਪ੍ਰੈਲ 2023 ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ:**

ਸ਼ੁਭਮ (ਉਮਰ 11 ਸਾਲ)
ਮੁਹੱਲਾ - ਪੁਰਹੀਰਾਂ, ਵਾਰਡ ਨੰ. 1
ਜਿਲਾ : ਹੁਸ਼ਿਆਰਪੁਰ (ਪੰਜਾਬ)

**ਦੂਸਰਾ ਨੰ:**

ਨਿਹਾਰਿਕਾ (ਉਮਰ 11 ਸਾਲ)
ਵੀ.ਪੀ.ਓ. ਲੁਧਿਆਣਾ
ਜ਼ਿਲਾ : ਲੁਧਿਆਣਾ (ਪੰਜਾਬ)

**ਤੀਸਰਾ ਨੰ:**

ਸੁਖਪ੍ਰੀਤ ਸਿੰਘ (ਉਮਰ 7 ਸਾਲ)
ਵੀ.ਪੀ.ਓ. ਮਾਨਸਾ
ਜ਼ਿਲਾ : ਮਾਨਸਾ (ਪੰਜਾਬ)

## ਪਸੰਦ ਕੀਤੇ ਗਏ -


ਗੁਰਵਿੰਦਰ (ਜ਼ੀਰਾ),
ਰਸ਼ਮੀਤ ਕੌਰ (ਖੁਸ਼ਹਾਲਪੁਰ),
ਗੁਰਮੁਖ ਨੂਰ (ਗੁਮਟਾਲਾ),
ਅਰਸ਼ਦੀਪ ਸਿੰਘ (ਰੁਪੋਵਾਲ),
ਭਾਵੇਸ਼ ਬਾਂਸਲ (ਰਾਏਕੋਟ)
ਪ੍ਰਵੀਨ ਕੌਰ (ਨਾਨਕ ਨਗਰੀ),
ਨਵਪ੍ਰੀਤ ਕੌਰ (ਕਪੂਰਥਲਾ),
ਸਮੀਪਤਾ ਖੁਰਾਨਾ (ਜਲੰਧਰ),
ਪ੍ਰੇਰਣਾ (ਬੇਦੀ ਨਗਰ),
ਜਸਪ੍ਰੀਤ ਕੌਰ (ਬੋਹਾ),
ਪ੍ਰਭਜੀਤ ਕੌਰ (ਭੈਰੋ ਮਾਜਰਾ),
ਹਰਸ਼ਪ੍ਰੀਤ ਕੌਰ (ਕੁਰਾਲੀ),
ਸਹਿਜ ਬਾਂਸਲ (ਪਾਤੜਾਂ),
ਸਿਦਕ ਭਾਟੀਆ (ਦੋਰਾਹਾ),



# ਜੂਨ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਜੂਨ 2023 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਅਗਸਤ 2023 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ। 15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।



ਬਾਲ ਕਹਾਣੀ : ਰਾਜਕੁਮਾਰ 'ਰਾਜਨ'

# ਸੁਨਹਿਰੀ ਹੰਸ

ਬਹੁਤ ਸਮਾਂ ਪਹਿਲਾਂ ਦੀ ਗੱਲ ਹੈ। ਸੂਰਜ ਨਗਰ ਵਿੱਚ ਵਿਕਰਮ ਸਿੰਘ ਨਾਮ ਦਾ ਇੱਕ ਰਾਜਾ ਰਾਜ ਕਰਦਾ ਸੀ। ਉਸ ਦੇ ਮਹਿਲ ਵਿੱਚ ਬਹੁਤ ਸੁੰਦਰ ਬਾਗ ਸੀ। ਬਾਗ ਵਿੱਚ ਸਾਫ਼ ਪਾਣੀ ਨਾਲ ਭਰੀ ਇੱਕ ਨੀਲੀ ਝੀਲ ਸੀ। ਉਸ ਝੀਲ ਵਿੱਚ ਸੁਨਹਿਰੇ ਖੰਭ ਵਾਲੇ ਬਹੁਤ ਸਾਰੇ ਹੰਸ ਰਹਿੰਦੇ ਸਨ।

ਉਹ ਹੰਸ ਰਾਜਾ ਨੂੰ ਹਰ ਰੋਜ ਇੱਕ ਸੁਨਿਹਰਾ ਖੰਭ ਦਿੰਦੇ ਸਨ। ਰਾਜਾ ਉਸ ਨੂੰ ਆਪਣੇ ਖਜਾਨੇ ਵਿੱਚ ਰੱਖ ਦਿੰਦਾ।

ਇੱਕ ਵਾਰ ਸੁਨਹਿਰੇ ਖੰਭਾਂ ਵਾਲਾ ਇੱਕ ਬਹੁਤ ਵੱਡਾ ਹੰਸ ਕਿਤੋਂ ਉਡਦਾ ਹੋਇਆ ਨੀਲੀ ਝੀਲ ਤੇ ਆਇਆ। ਜਿਵੇਂ ਹੀ ਉਹ ਪਾਣੀ ਵਿੱਚ ਉਤਰਨ ਲੱਗਾ, ਝੀਲ ਵਿੱਚ ਰਹਿਣ ਵਾਲੇ ਹੰਸਾਂ ਨੇ ਕਿਹਾ, ''ਅਸੀਂ ਤੈਨੂੰ ਝੀਲ ਵਿੱਚ ਨਹੀਂ ਉਤਰਣ ਦੇਵਾਂਗੇ। ਅਸੀਂ ਇਥੇ ਰਹਿਣ ਦਾ ਮੁੱਲ ਤਾਰਦੇ ਹਾਂ। ਰਾਜਾ ਨੂੰ ਇੱਕ ਖੰਭ ਰੋਜ਼ ਦਿੰਦੇ ਹਾਂ।''

ਬਾਹਰ ਤੋਂ ਆਏ ਹੰਸ ਨੇ ਕਿਹਾ, ''ਐਨਾ ਗੁੱਸਾ ਨਾ ਕਰੋ। ਮੈਂ ਵੀ ਵਾਰੀ ਆਉਣ ਤੇ ਤੁਹਾਡੇ ਵਾਂਗ ਆਪਣਾ ਇੱਕ ਖੰਭ ਦੇ ਦਿਆ ਕਰਾਂਗਾ।''

''ਨਹੀਂ, ਨਹੀਂ ਅਸੀਂ ਬਾਹਰ ਤੋਂ ਆਏ ਕਿਸੇ ਵੀ ਹੰਸ ਨੂੰ ਇਥੇ ਨਹੀਂ ਰਹਿਣ ਦੇਵਾਂਗੇ।'' ਹੰਸਾਂ ਨੇ ਇੱਕ ਸੁਰ ਵਿੱਚ ਕਿਹਾ।



ਵੱਡਾ ਹੰਸ ਹੱਠਧਰਮੀ ਤੇ ਉਤੱਰ ਆਇਆ ਤਾਂ ਝਗੜਾ ਵੱਧ ਗਿਆ। ''ਠੀਕ ਹੈ, ਜੇ ਕਰ ਮੈਂ ਇਥੇ ਨਹੀਂ ਰਹਿ ਸਕਦਾ ਤਾਂ ਤੁਹਾਨੂੰ ਵੀ ਨਹੀਂ ਰਹਿਣ ਦੇਵਾਂਗਾ।'' ਐਨਾ ਕਹਿ ਕੇ ਵੱਡਾ ਹੰਸ ਮਹਾਰਾਜ ਵਿਕਰਮ ਸਿੰਘ ਦੇ ਦਰਬਾਰ ਵਿੱਚ ਪਹੁੰਚ ਗਿਆ।

''ਮਹਾਰਾਜ, ਆਪ ਦੀ ਨੀਲੀ ਝੀਲ ਵਿੱਚ ਰਹਿਣ ਵਾਲੇ ਹੰਸ ਮੈਨੂੰ ਨਹੀਂ ਰਹਿਣ ਦਿੰਦੇ। ਮੇਰੇ ਉਥੇ ਰਹਿਣ ਨਾਲ ਤੁਹਾਨੂੰ ਲਾਭ ਹੋਵੇਗਾ। ਮੇਰਾ ਖੰਭ ਝੀਲ ਦੇ ਸਾਰੇ ਹੰਸਾਂ ਦੇ ਖੰਭਾਂ ਨਾਲੋਂ ਵੱਡਾ ਹੈ। ਮੈਂ ਜਦ ਉਹਨਾਂ ਨੂੰ ਕਿਹਾ ਮੈਂ ਮਹਾਰਾਜ ਦੇ ਕੋਲ ਜਾਂਦਾ ਹਾਂ, ਤਾਂ ਉਹ ਕਹਿਣ ਲਗੇ ਕਿ ਸਾਨੂੰ ਕਿਸੇ ਮਹਾਂਰਾਜ ਦਾ ਡਰ ਨਹੀਂ ਹੈ।'' ਵੱਡੇ ਹੰਸ ਨੇ ਰਾਜਾ ਨੂੰ ਭੜਕਾਉਂਦੇ ਹੋਏ ਕਿਹਾ।

ਉਸ ਦੀ ਗੱਲ ਸੁਣ ਕੇ ਰਾਜਾ ਵਿਕਰਮ ਸਿੰਘ ਅੱਗਬਬੂਲਾ ਹੋ ਗਏ- ''ਮੇਰੀ ਨੀਲੀ ਝੀਲ ਵਿੱਚ ਰਹਿਣ ਵਾਲੇ ਇਹਨਾਂ ਹੰਸਾਂ ਦੀ ਇਹ ਮਜਾਲ।''

ਉਸ ਨੇ ਸੈਨਿਕਾਂ ਨੂੰ ਬੁਲਾਇਆ ਅਤੇ ਆਦੇਸ਼ ਦਿੱਤਾ, ''ਨੀਲੀ ਝੀਲ ਵਿੱਚ ਰਹਿਣ ਵਾਲੇ ਸਾਰੇ ਹੰਸਾਂ ਨੂੰ ਮੌਤ ਦੇ ਘਾਟ ਉਤਾਰ ਦਿਉ। ਮੈਨੂੰ ਹੁਣ ਉਹਨਾਂ ਦੀ ਲੋੜ ਨਹੀਂ ਹੈ। ਮੈਨੂੰ ਹੁਣ ਵੱਡਾ ਖੰਭ ਮਿਲਣ ਲੱਗੇਗਾ।''

ਰਾਜਾ ਦਾ ਆਦੇਸ਼ ਲੈ ਕੇ ਸੈਨਿਕ ਤਲਵਾਰ ਲੈ ਕੇ ਹੰਸਾਂ ਨੂੰ ਮਾਰਨ ਦੌੜ ਪਏ। ਹੰਸਾਂ ਨੇ ਉਹਨਾਂ ਨੂੰ ਦੂਰ ਤੋਂ ਹਥਿਆਰ ਲਏ ਹੋਏ ਆਉਂਦੇ ਵੇਖਿਆ ਤਾਂ ਉਹਨਾਂ ਦਾ ਮੱਥਾ ਠਣਕਿਆ। ਇੱਕ ਬੁੱਢੇ ਹੰਸ ਨੇ ਕਿਹਾ, ''ਸਾਥੀਉ, ਬਚਣ ਦਾ ਇੱਕ ਹੀ ਰਾਹ ਹੈ, ਇਥੋਂ ਉਡ ਚਲੋ।''

ਸਾਰੇ ਹੰਸ ਇੱਕਠੇ ਆਕਾਸ਼ ਵਿੱਚ ਉਡ ਗਏ। ਨੀਲੀ ਝੀਲ ਹੰਸਾਂ ਤੋਂ ਖਾਲੀ ਹੋ ਗਈ ਤਾਂ ਸੈਨਿਕ ਰਾਜਦਰਬਾਰ ਵਿੱਚ ਆਏ ਅਤੇ ਰਾਜਾ ਨੂੰ ਸਾਰੀਆਂ ਗੱਲਾਂ ਵਿਸਥਾਰ ਸਹਿਤ ਦੱਸੀਆਂ।

ਰਾਜਾ ਬਹੁਤ ਖੁਸ਼ ਹੋਇਆ। ਫਿਰ ਵੱਡੇ ਹੰਸ ਨੂੰ ਬੋਲਿਆ, ''ਹੁਣ ਮੇਰੀ ਝੀਲ ਕੇਵਲ ਆਪ ਦੇ ਲਈ ਹੈ।''

ਵੱਡਾ ਹੰਸ ਬੋਲਿਆ, ''ਮਾਫ ਕਰੋ ਰਾਜਨ! ਆਪ ਦਾ ਨਿਆ ਮੈਨੂੰ ਪਸੰਦ ਨਹੀਂ ਆਇਆ। ਇਸ ਤਰ੍ਹਾਂ ਕੱਲ ਜੇਕਰ ਮੇਰੇ ਤੋਂ ਵੀ ਕੋਈ ਵੱਡਾ ਹੰਸ ਆ ਗਿਆ ਤਾਂ ਆਪ ਮੈਨੂੰ ਵੀ ਮਰਵਾ ਦਿਉਗੇ।''

ਇਹ ਕਹਿ ਕੇ ਉਸ ਨੇ ਆਪਣੇ ਖੰਭ ਫੜਫੜਾਏ ਅਤੇ ਉਡ ਗਿਆ। ਲਾਲਚ ਦੇ ਕਾਰਣ ਰਾਜਾ ਨੂੰ ਸਾਰੇ ਹੰਸਾਂ ਤੋਂ ਹੱਥ ਧੋਣਾ ਪਿਆ। ■

ਲੇਖ : ਵਿਭਾ ਵਰਮਾ



# ਅੰਬ
## ਸਵਾਦ ਹੀ ਨਹੀਂ ਸਿਹਤ ਵੀ ਸੁਧਾਰਦਾ ਹੈ

ਪਿਆਰੇ ਬੱਚਿਉ! ਅੰਬ ਤੋਂ ਤੁਸੀਂ ਜਾਣੂ ਹੀ ਹੋ। ਬੱਚੇ, ਜਵਾਨ ਅਤੇ ਬਜ਼ੁਰਗ ਸਾਰੇ ਇਸ ਦੇ ਮਸਤ ਸਵਾਦ ਦੇ ਦੀਵਾਨੇ ਹਨ। ਗਰਮੀ ਤੋਂ ਸਾਰੇ ਜਿਥੇ ਬੇਚੈਨ ਰਹਿੰਦੇ ਹਨ ਉਥੇ ਅੰਬ ਸਾਰਿਆਂ ਦੇ ਕਸ਼ਟ ਅਤੇ ਬੇਚੈਨੀ ਦੂਰ ਕਰਕੇ ਮਨ ਨੂੰ ਖੁਸ਼ੀ ਨਾਲ ਭਰ ਦਿੰਦਾ ਹੈ। ਇਸ ਦੇ ਨਾਮ ਨਾਲ ਹੀ ਸਾਡੇ ਦਿਲ-ਓ-ਦਿਮਾਗ ਵਿੱਚ ਮਿਠਾਸ ਅਤੇ ਖਟਾਸ ਦੇ ਅਨੇਕਾਂ ਮਿਸ਼ਰਣਾਂ ਦੇ ਤਰ੍ਹਾਂ-ਤਰ੍ਹਾਂ ਦੇ ਸੁਆਦ  ਉਭਰਨ ਲੱਗਦੇ ਹਨ ਅਤੇ ਸਾਡੀਆਂ ਨਾਸਾਂ ਵਿੱਚ ਅੰਬਾਂ ਦੀ ਮਹਿਕ ਭਰ ਕੇ ਸਾਨੂੰ ਮਦਮਸਤ ਕਰਨ ਲੱਗਦੀ ਹੈ।

ਵਿਗਿਆਨਕਾਂ ਦਾ ਕਹਿਣਾ ਹੈ ਕਿ ਜੋ ਕੁੱਝ ਅਸੀਂ ਖਾਂਦੇ ਹਾਂ ਉਹ ਅੱਠ ਘੰਟੇ ਵਿੱਚ ਸ਼ੂਗਰ ਬਣਦਾ ਹੈ ਤਦੇ ਸਾਡਾ ਸਰੀਰ ਇਸ ਦਾ ਉਪਯੋਗ ਕਰ ਸਕਦਾ ਹੈ। ਪਰ ਬੱਚਿਓ! ਕੀ ਤੁਹਾਨੂੰ ਪਤਾ ਹੈ  ਇਹ ਸ਼ੂਗਰ ਪੱਕੇ ਅੰਬ ਵਿੱਚ ਸੁਭਾਵਿਕ ਰੂਪ ਨਾਲ ਰਹਿੰਦੀ ਹੈ। ਅੰਬ ਦੇ ਸਰੀਰ ਵਿੱਚ ਪਹੁੰਚਦੇ-ਪਹੁੰਚਦੇ ਸ਼ਰੀਰ ਇਸ ਦਾ ਉਪਯੋਗ ਸ਼ੁਰੂ ਕਰ ਦਿੰਦਾ ਹੈ ਅਤੇ ਸਾਨੂੰ ਉਸ ਤੋਂ ਸ਼ਕਤੀ ਅੱਠ ਘੰਟੇ ਦੇ ਬਜਾਏ ਤੁਰੰਤ ਹੀ ਮਿਲਣ ਲੱਗਦੀ ਹੈ। ਜਿਸ ਤਰ੍ਹਾਂ ਤੁਹਾਡੇ ਕੰਮ ਕਰਦੇ ਰਹਿਣ ਜਾਂ ਖੇਡਦੇ-ਕੁੱਦਦੇ ਰਹਿਣ ਨਾਲ ਤੁਹਾਡਾ ਸਰੀਰ ਥੱਕ ਜਾਂਦਾ ਹੈ। ਉਸੇ ਤਰ੍ਹਾਂ ਸਰੀਰ ਦੇ ਅੰਦਰ ਪਾਚਨ ਸ਼ਕਤੀ ਜੋ ਬਰਾਬਰ ਭਾਰੀ-ਸਖਤ ਚੀਜ਼ਾਂ ਪਚਾਉਂਦੇ-ਪਚਾਉਂਦੇ ਥੱਕ ਗਈ ਹੁੰਦੀ ਹੈ ਉਹ ਪਾਚਨ ਤੋਂ ਭਾਰੀ ਕੰਮ ਤੋਂ ਛੁੱਟੀ ਪਾ ਲੈਂਦੀ ਹੈ। ਜਿਵੇਂ ਤੁਹਾਨੂੰ ਆਰਾਮ ਦੇ ਬਾਦ ਤਾਜ਼ਗੀ ਆ ਜਾਂਦੀ ਹੈ ਉਂਵੇਂ ਹੀ ਪਾਚਨ ਪ੍ਰਣਾਲੀ ਵੀ ਹੌਲੀ-ਹੌਲੀ ਆਰਾਮ ਦੇ ਬਾਦ ਮਜ਼ਬੂਤ ਹੋ ਕੇ ਫਿਰ ਸ਼ਕਤੀ ਪ੍ਰਾਪਤ ਕਰਕੇ ਤਰੋਤਾਜ਼ਾ ਹੋ ਉਠਦੀ ਹੈ। ਆਧੁਨਿਕ ਖੋਜਾਂ ਤੋਂ ਪਾਇਆ ਗਿਆ ਹੈ ਕਿ ਅੰਬ ਵਿੱਚ ਲੋਹਾ, ਤਾਂਬਾ, ਫਾਸਫੋਰਸ, ਕੈਲਸ਼ੀਅਮ, ਪੋਟਾਸ਼ੀਅਮ, ਮੈਗਨੀਸ਼ੀਅਮ, ਕਲੋਰਾਇਡ ਆਦਿ ਖਣਿਜਾਂ ਦੇ ਇਲਾਵਾ ਸਾਰੇ ਕੰਪਲੈਕਸ ਵਿਟਾਮਿਨ ਅਤੇ ਵਿਟਾਮਿਨ 'ਏ' 'ਸੀ' 'ਡੀ' 'ਈ' ਵੀ ਬਹੁਤ ਮਿਲਦਾ ਹੈ। ਸਰੀਰ ਲਈ ਲੋੜੀਦੇ ਇੰਜਾਇਮ ਅਤੇ ਅਮੀਨੋ ਏਸਿਡ ਵੀ ਅੰਬ ਵਿੱਚ ਪਾਏ ਜਾਂਦੇ ਹਨ। ਸਾਰੇ ਫਲਾਂ ਤੋਂ ਜ਼ਿਆਦਾ ਵਿਟਾਮਿਨ 'ਏ' ਅੰਬ ਵਿੱਚ ਹੀ ਹੁੰਦਾ ਹੈ। ਇਹ ਫਲ ਅੱਖਾਂ ਲਈ ਵਰਦਾਨ ਹੈ। ਇਕ ਆਦਮੀ ਨੂੰ ਰੋਜ਼ਾਨਾ 5000 ਅੰਤਰਰਾਸ਼ਟਰੀ ਇਕਾਈ ਵਿਟਾਮਿਨ 'ਏ' ਚਾਹੀਦਾ ਹੈ। ਜੋ ਕੇਵਲ 100 ਗ੍ਰਾਮ ਅੰਬ ਵਿੱਚੋਂ ਹੀ ਮਿਲ ਜਾਂਦਾ ਹੈ। ''ਰਾਤ ਦੇ ਅੰਨ੍ਹੇਪਨ' ਦੇ ਰੋਗ ਵਿੱਚ ਚੂਸਣ ਵਾਲਾ ਅੰਬ ਜ਼ਿਆਦਾ ਫਾਇਦੇਮੰਦ ਹੁੰਦਾ ਹੈ। ਇਸ ਵਿੱਚ ਵਿਟਾਮਿਨ 'ਸੀ' ਵੀ ਹੁੰਦਾ ਹੈ ਜੋ ਤੁਹਾਡੇ ਦੰਦਾਂ ਨੂੰ ਮਜ਼ਬੂਤੀ ਪ੍ਰਦਾਨ ਕਰਦਾ ਹੈ। ਜੇ ਕਰ ਤੁਹਾਡਾ ਸਰੀਰ ਦੁਬਲਾ-ਪਤਲਾ ਹੈ ਤਾਂ ਇਹ ਅੰਬ ਤੁਹਾਡੇ ਲਈ ਟਾਨਿਕ ਹੋਵੇਗਾ।

ਦੋਸਤੋ ਇਸ ਦੀ ਗੁੱਠਲੀ ਬਹੁਤ ਗੁਣਕਾਰੀ ਹੁੰਦੀ ਹੈ। ਇਸ ਲਈ ਤਾਂ ਕਹਾਵਤ ਬਣ ਗਈ ਹੈ ਕਿ 'ਆਮ ਕੇ ਆਮ ਗੁਠਲੀਆਂ ਕੇ ਭੀ ਦਾਮ।' ■

# ਕਦੇ ਨਾ ਭੁੱਲੋ

- ★ ਸਲਾਹ ਤਾਂ ਅਨੇਕਾਂ ਪ੍ਰਾਪਤ ਕਰ ਸਕਦੇ ਹਨ ਪ੍ਰੰਤੂ ਉਸ ਦਾ ਲਾਭ ਲੈਣਾ ਬੁੱਧੀਮਾਨਾਂ ਨੂੰ ਹੀ ਆਉਂਦਾ ਹੈ।
- ★ ਜੋ ਤੁਹਾਨੂੰ ਬੁਰਾਈ ਤੋਂ ਬਚਾਉਂਦਾ ਹੈ, ਨੇਕ ਰਾਹ ਤੇ ਚਲਾਉਂਦਾ ਹੈ ਅਤੇ ਮੁਸੀਬਤ ਦੇ ਸਮੇਂ ਤੁਹਾਡਾ ਸਾਥ ਦਿੰਦਾ ਹੈ, ਉਹੀ ਤੁਹਾਡਾ ਸੱਚਾ ਮਿੱਤਰ ਹੈ।

  – ਚਾਣਕਯ

- ★ ਮੁਸੀਬਤਾਂ ਨੂੰ ਹੌਸਲੇ ਨਾਲ ਝੱਲੋ, ਇਹਨਾਂ ਤੋਂ ਘਬਰਾਉਣਾ ਆਪਣੇ ਆਪ ਨੂੰ ਕਮਜ਼ੋਰ ਕਰਨਾ ਹੈ। ਮੁਸੀਬਤ ਵਿੱਚ ਹੀ ਆਦਮੀ ਦਾ ਇਮਤਿਹਾਨ ਹੁੰਦਾ ਹੈ।

  – ਲਾਲਾ ਲਾਜਪਤਰਾਇ

- ★ ਜਿਸ ਦੇ ਨਾਲ ਸੱਚ ਹੈ, ਉਹ ਇੱਕਲਾ ਹੁੰਦਾ ਹੋਇਆ ਵੀ ਬਹੁਮੱਤ ਵਿੱਚ ਹੈ।

  – ਸ਼ੇਕਸਪੀਯਰ

- ★ ਕਦੇ-ਕਦੇ ਸਾਨੂੰ ਉਹਨਾਂ ਲੋਕਾਂ ਤੋਂ ਵੀ ਸਿਖਿਆ ਮਿਲਦੀ ਹੈ ਜਿਹਨਾਂ ਨੂੰ ਅਸੀਂ ਹੰਕਾਰਵਸ਼ ਅਗਿਆਨੀ ਸਮਝਦੇ ਹਾਂ।

  – ਪ੍ਰੇਮਚੰਦ

- ★ ਜਦ-ਜਦ ਅਸੀਂ ਡਿਗਦੇ ਹਾਂ ਸਾਨੂੰ ਅੱਗੇ ਚੱਲਣ ਦਾ ਤਜ਼ਰਬਾ ਹੋ ਜਾਂਦਾ ਹੈ।

  – ਸੁਕਰਾਤ

- ★ ਸੰਸਾਰ ਵਿੱਚ ਜੋ ਕੁੱਝ ਹੈ ਉਹ ਸੁੰਦਰ ਵੀ ਹੈ ਅਤੇ ਕਰੂਪ ਵੀ। ਜਿਸ ਦੀ ਜਿਸ ਵਿੱਚ ਰੁਚੀ ਹੁੰਦੀ ਹੈ ਉਹੀ ਉਸ ਨੂੰ ਸੁੰਦਰ ਲੱਗਦਾ ਹੈ।
- ★ ਆਪ ਕਿਸੇ ਵਿਅਕਤੀ ਨੂੰ ਚੰਗੀ ਭੇਂਟ ਗਿਆਨ ਅਤੇ ਹੁਨਰ ਦੇ ਸਕਦੇ ਹੋ। ਆਪ ਕਿਸੇ ਨੂੰ ਖਾਣਾ ਦਿਉਗੇ ਲੇਕਿਨ ਉਸ ਨੂੰ ਕੱਲ ਵੀ ਭੁੱਖ ਲੱਗੇਗੀ, ਇਸ ਦੀ ਬਜਾਏ ਆਪ ਹੁਨਰ ਸਿਖਾ ਕੇ ਉਸ ਨੂੰ ਜ਼ਿੰਦਗੀ ਭਰ ਕਮਾਉਣ ਲਈ ਯੋਗ ਬਣਾ ਸਕਦੇ ਹੋ।

  – ਸਵਾਮੀ ਰਾਮਤੀਰਥ

- ★ ਅਹਿੰਸਾ ਅਜਿਹੀ ਮਿਸਾਇਲ ਹੈ ਜਿਸ ਨਾਲ ਵਿਸ਼ਵ ਵਿੱਚ ਸ਼ਾਂਤੀ ਸਥਾਪਿਤ ਕੀਤੀ ਜਾ ਸਕਦੀ ਹੈ।

  – ਡਾ. ਏ.ਪੀ.ਜੇ. ਅਬਦੁੱਲ ਕਲਾਮ

ਸੰਗ੍ਰਹਿ ਕਰਤਾ: ਡਿੰਪਲਜੀਤ ਰੰਧਾਵਾ

# ਅਸੀਂ ਕਲੀਆਂ ਭਾਰਤ ਬਾਗ ਦੀਆਂ

ਅਸੀਂ ਕਲੀਆਂ ਭਾਰਤ ਬਾਗ ਦੀਆਂ,
ਫੁੱਲ ਬਣ ਕੇ ਮੁਸਕਰਾਵਾਂਗੇ।
ਧਰਤੀ ਤੇ ਫੈਲੀ ਬਦਬੂ ਨੂੰ,
ਖੁਸਬੂ ਨਾਲ ਮਹਿਕਾਂਵਾਂਗੇ।

ਨਹੀਂ ਡਰਾਂਗੇ ਤੂਫਾਨਾਂ ਤੋਂ,
ਹਨ੍ਹੇਰੀ ਵਿੱਚ ਲਹਿਰਾਵਾਂਗੇ।
ਜੋ ਭਟਕ ਰਹੇ ਅਗਿਆਨਤਾ ਵਿੱਚ,
ਉਹਨਾਂ ਨੂੰ ਰਾਹ ਵਿਖਾਵਾਂਗੇ।

ਯੁਗਾਂ-ਯੁਗਾਂ ਤੋਂ ਜੋ ਸ਼ੋਸ਼ਿਤ ਹਨ,
ਸ਼ੋਸ਼ਣ-ਮੁਕਤ ਕਰਾਵਾਂਗੇ।
ਖੁਸੇ ਹੋਏ ਅਧਿਕਾਰ ਦਿਵਾ ਕੇ,
ਨਵਾਂ ਸਵੇਰਾ ਲਿਆਵਾਂਗੇ।


ਮਾਤਰ-ਭੂਮੀ ਦੇ ਅਸੀਂ ਰਖਵਾਲੇ,
ਰੱਖਿਆ ਲਈ ਮਿਟ ਜਾਵਾਂਗੇ।
ਘੁਸਪੈਠੀਏ ਹੋਣ ਜਾਂ ਹਮਲਾਵਰ,
ਸਭ ਨੂੰ ਸਬਕ ਸਿਖਾਵਾਂਗੇ।

ਸਹਿਣਸ਼ੀਲਤਾ ਦਾ ਪਾਠ ਪੜ੍ਹਾ ਕੇ,
ਭਾਈਚਾਰਾ ਫੈਲਾਵਾਂਗੇ।
ਦਾਨਵਤਾ ਨੂੰ ਦੂਰ ਭਜਾ ਕੇ,
ਮਾਨਵਤਾ ਅਪਨਾਵਾਂਗੇ।



# ਬਹਾਦਰ ਬੱਚਾ

ਚਿੱਤਰਕਾਰ ਅਤੇ ਲੇਖਕ : ਅਜੈ ਕਾਲੜਾ




ਇਸ ਬਹਾਦਰ ਬੱਚੇ ਦਾ ਨਾਂ ਸੀ ਵੀਰ। ਇੱਕਦਮ ਨਿਡਰ ਅਤੇ ਬੇਖੌਫ। ਨਾ ਤਾਂ ਉਹ ਬਾਕੀ ਬੱਚਿਆਂ ਦੀ ਤਰ੍ਹਾਂ ਹਨ੍ਹੇਰੇ ਤੋਂ ਡਰਦਾ ਸੀ ਅਤੇ ਨਾ ਹੀ ਕਿਸੇ ਹੋਰ ਚੀਜ਼ ਤੋਂ।
ਇੱਕ ਦਿਨ ਦੀ ਗੱਲ ਹੈ ਉਸ ਦੀ ਦਾਦੀ ਦੀ ਤਬੀਅਤ ਅਚਾਨਕ ਬਹੁਤ ਖਰਾਬ ਹੋ ਗਈ ਅਤੇ ਉਸ ਦੇ ਮੰਮੀ ਪਾਪਾ ਨੂੰ ਪਿੰਡ ਜਾਣਾ ਪਿਆ।
ਉਸ ਦੀ ਸਾਲਾਨਾ ਪ੍ਰੀਖਿਆ ਨੇੜੇ ਸੀ ਇਸ ਲਈ ਉਹ ਉਹਨਾਂ ਦੇ ਨਾਲ ਨਹੀਂ ਜਾ ਸਕਦਾ ਸੀ। ਮਜਬੂਰਨ ਉਸ ਦੇ ਮੰਮੀ-ਪਾਪਾ ਨੂੰ ਉਸ ਨੂੰ ਘਰ ਛੱਡ ਕੇ ਜਾਣਾ ਪਿਆ।


ਰਾਤ ਨੂੰ ਜਦ ਵੀਰ ਸੌਣ ਜਾਣ ਲੱਗਾ ਤਾਂ ਉਸ ਨੂੰ ਲੱਗਾ ਜਿਵੇਂ ਕਿ ਛੱਤ ਤੇ ਕੋਈ ਹੈ। ਉਹ ਜਾਣਦਾ ਸੀ ਕਿ ਛੱਤ ਦੇ ਰਸਤੇ ਤੋਂ ਅੰਦਰ ਵੜਨਾ ਕਿਸੇ ਚੋਰਾਂ ਲਈ ਕੋਈ ਮੁਸ਼ਕਿਲ ਕੰਮ ਨਹੀਂ ਹੈ।
ਉਸ ਨੇ ਆਪਣਾ ਦਿਮਾਗ ਦੌੜਾਇਆ ਅਤੇ ਖਤਰੇ ਨਾਲ ਨਿਪਟਣ ਲਈ ਝਟਪਟ ਕੁੱਝ ਤਿਆਰੀ ਕਰ ਲਈ।
ਉਹ ਰਸੋਈ ਘਰ ਵਿੱਚ ਗਿਆ ਅਤੇ ਉਥੋਂ ਥੈਲੀ ਵਿੱਚ ਮਿਰਚੀ ਪਾਊਡਰ ਭਰ ਲਿਆਇਆ। ਉਹ ਪੌੜੀਆਂ ਦੇ ਹੇਠਾਂ ਲੁਕ ਕੇ ਬੈਠ ਗਿਆ। ਬਸ ਫਿਰ ਕੀ ਸੀ? ਜਿਉਂ ਹੀ ਚੋਰ ਪੌੜੀਆਂ ਤੋਂ ਉਤਰ ਕੇ ਹੇਠਾਂ ਪਹੁੰਚੇ, ਉਸ ਨੇ ਝੱਟ ਹੱਥ ਵਿੱਚ ਫੜੀ ਹੋਈ ਲਾਲ ਮਿਰਚ ਚੋਰਾਂ ਦੀਆਂ ਅੱਖਾਂ ਵਿੱਚ ਪਾ ਦਿੱਤੀ। ਚੋਰ ਇੱਕਦਮ ਕੁੱਝ ਸਮਝ ਨਹੀਂ ਸਕੇ।


ਵਾਹ! ਐਨਾ ਹੁਸ਼ਿਆਰ ਅਤੇ ਤੇਜ਼ ਸੀ ਵੀਰ!
ਚੋਰ ਤਾਂ ਦਰਦ ਨਾਲ ਤੜਫਣ ਲੱਗੇ ਅਤੇ ਵੀਰ ਨੇ ਝਟਪਟ ਪੁਲਿਸ ਨੂੰ ਫੋਨ ਕਰ ਦਿੱਤਾ।
ਹੋਰ ਤਾਂ ਹੋਰ, ਪੁਲਿਸ ਦੇ ਆਉਣ ਤਕ ਉਸ ਨੇ ਚੋਰਾਂ ਨੂੰ ਕਮਰੇ ਵਿੱਚ ਬੰਦ ਕਰ ਦਿੱਤਾ ਤਾਂਕਿ ਉਹ ਭੱਜਣ ਦੀ ਕੋਸ਼ਿਸ਼ ਨਾ ਕਰ ਸਕਣ।
ਵਾਹ! ਦਾਦਾ ਜੀ, ਇਸ ਦਾ ਮਤਲਬ ਜੇਕਰ ਅਸੀਂ ਵੀ ਆਪਣੇ ਮਨ ਦੇ ਡਰ ਨੂੰ ਜਿੱਤ ਕੇ ਸਮਝਦਾਰੀ ਤੋਂ ਕੰਮ ਲਈਏ ਤਾਂ ਬਹਾਦਰੀ ਦੇ ਕਾਰਨਾਮੇ ਵਿਖਾ ਕੇ ਇਨਾਮ ਜਿੱਤ ਸਕਦੇ ਹਾਂ।
ਬਿਲਕੁਲ, ਬੱਚਿਉ।

# ਬੁੱਧੀ ਦੀ ਪਰਖ

## ਦੋਹਾਂ ਚਿਤੱਰਾਂ ਵਿਚੋਂ 10 ਅੰਤਰ ਲੱਭੋ!





Nirankari Radio

radio.nirankari.org

24x7

Kids Divine

ek ruhani muskaan

kids.nirankari.org

Catch the latest episode on 23rd of every month

News Divine

www.nirankari.org

Catch the latest episode on 10th of every month

IT'S LIVE, DOWNLOAD NOW

SNM MOBILE APP

App Store

Google Play

सुनो तराने नए पुराने

Nirankari Radio

Bhakti Sangeet

radio.nirankari.org

Catch the latest episode on 20th of every month

महफ़िल ए रूहानियत

Mehfil-E-Ruhaniyat

Special programme

SOUL VIBES

radio.nirankari.org

Catch the latest episode on Last Friday of every month

Voice Divine

radio.nirankari.org

Catch the latest episode on 1st & 16th of every month

Video & Audio Webcasts on www.nirankari.org - Every month


SANT NIRANKARI MISSION


Posted at LPC Delhi RMS, Delhi-110006. Prescribed dates 23rd & 24th. Date of Publication: 17th & 18th (Advance Month)

Registered with the Registrar of Newspaper For India Under RNI No. 32345/1977

Delhi Postal Regd. No. DL (N)/137/2021-2023
Licence No. U (DN)-60/2021-23
Licenced to post without Pre-payment





# NIRANKARI JEWELS

78-84, Edward Line, Kingsway Camp, Delhi, 110009
Near G.T.B. Nagar Metro Station Gate No. 4

011-42870440, 42870441, 47058133
nirankari_jewels@hotmail.com
www.nirankarijewels.com
@nirankarijewelsdelhi
Nirankari Jewels Pvt. Ltd.

Monday Closed

Customer Care : **9818883394**